# ਸਮਤਾ

ਜੁਲਾਈ 1983 (ਅੰਕ 38)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਜੁਲਾਈ 1983
ਮੁੱਲ—ਦੋ ਰੁਪਏ

38

## ਸੰਪਾਦਕੀ ਟਿੱਪਣੀਆਂ

### (ਕੈਨੇਡਾ ਦੀ ਡਾਇਰੀ)

ਕੈਨੇਡਾ ਦੀ ਧਰਤੀ ਤੇ ਪੰਜਾਬੀਆਂ ਦੀ ਭਾਰੀ ਵਸੋਂ ਹੈ। ਇਥੋਂ ਦੀ ਈਪਾਨਾ ਸੰਸਥਾ (Ipana—Indian Peoples' Association in North America) ਦੇ ਸੱਦੇ ਤੇ ਮੈਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਆਪਣੀ ਨਾਟਕ ਟੋਲੀ ਦੇ ਨਾਲ ਇਥੇ ਪੁਜਿਆ ਹਾਂ। ਪਿਛਲੇ 15 ਦਿਨਾਂ ਤੋਂ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਰਹਿੰਦਿਆਂ ਮੈਨੂੰ ਇਥੋਂ ਦੀ ਜ਼ਿੰਦਗੀ ਵੇਖਣ ਦਾ ਮੌਕਾ ਮਿਲਿਆ ਹੈ। ਆਪਣੇ ਪ੍ਰਭਾਵ ਸਮਤਾ ਦੇ ਪਾਠਕਾਂ ਨਾਲ ਜ਼ਰੂਰ ਸਾਂਝੇ ਕਰਨਾ ਚਾਹਾਂਗਾ।

o ਵੈਨਕੂਵਰ ਸ਼ਹਿਰ ਕਾਰਾਂ ਦਾ ਸ਼ਹਿਰ ਹੈ। ਇਹਦੀਆਂ ਸੜਕਾਂ ਤੇ ਕਾਰਾਂ ਹੀ ਕਾਰਾਂ ਦੌੜਦੀਆਂ ਹਨ। ਨਾ ਕੋਈ ਪੈਦਲ ਦਿਸਦਾ ਹੈ, ਨਾ ਕੋਈ ਸਕੂਟਰ ਜਾਂ ਸਾਈਕਲ ਤੇ ਜਾਂ ਰਿਕਸ਼ਾ ਤੇ। ਟਾਂਵਾਂ ਟਾਂਵਾਂ ਕੋਈ ਸਾਈਕਲ ਚਲਾਂਦਾ ਦਿਸਦਾ ਹੈ ਤਾਂ ਦਸਿਆ ਗਿਆ ਕਿ ਉਹ ਇਹ ਸਾਈਕਲ ਵਰਜ਼ਿਸ਼ ਦੇ ਲਈ ਚਲਾ ਰਿਹਾ ਹੈ। ਕਾਲਜ ਯੂਨੀਵਰਸਿਟੀ ਦੇ ਵਿਦਿਆਰਥੀਆਂ ਕੋਲ ਵੀ ਕਾਰਾਂ ਹੀ ਹਨ। ਕਾਰਾਂ ਤੇ ਹੀ ਉਹ ਯੂਨੀਵਰਸਿਟੀ ਕਾਲਜ ਜਾਂਦੇ ਹਨ। ਸਾਧਾਰਨ ਪੰਜਾਬੀ ਟੱਬਰਾਂ ਦੇ ਘਰਾਂ ਵਿਚ ਕਾਰਾਂ ਖਲੋਤੀਆਂ ਹਨ, ਜਿਸ ਤਰ੍ਹਾਂ ਸਾਡੇ ਘਰਾਂ ਵਿਚ ਸਾਈਕਲ ਹੁੰਦੇ ਹਨ। ਉਹਨਾਂ ਦੇ ਮਕਾਨ ਵੀ ਆਪਣੇ ਹਨ ਬਹੁਤ ਵਧੀਆ ਫਰਨੀਚਰ ਨਾਲ ਸਜੇ ਹੋਏ। ਬਿਜਲੀ ਦੇ ਨਾਲ ਚਲਣ ਵਾਲੇ ਚੁਲ੍ਹੇ, ਰੈਫਰੀਜੇਟਰ ਹਰ ਘਰ ਵਿਚ ਹਨ। ਗੁਸਲ-ਖਾਨਿਆਂ ਵਿਚ ਗਰਮ ਤੇ ਠੰਡਾ ਪਾਣੀ ਹਰ ਵੇਲੇ ਚਲਦਾ ਹੈ ਸਟੋਰਾਂ ਦੇ ਸਟੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਨਾਲ ਭਰੇ ਹਨ, ਏਨੀ ਅਮੀਰੀ ਵੇਖ ਕੇ ਅੱਖਾਂ ਚੁੰਧਿਆ ਜਾਂਦੀਆਂ ਹਨ। ਤਿੰਨ ਚਾਰ ਦਿਨਾਂ ਵਿਚ ਹੀ ਸਾਰੇ ਉਹ ਜ਼ਾਹਰਾ ਕਾਰਨ ਦਿਸ ਪਏ ਹਨ ਜਿਹੜੇ ਹਿੰਦੋਸਤਾਨੀਆਂ ਲਈ ਇਸ ਦੇਸ਼ ਵਿਚ ਆਉਣ ਦੀ ਖਿੱਚ ਰਖਦੇ ਹਨ। ਅੱਖਾਂ ਤਰਸ ਗਈਆਂ ਕਿ ਕੋਈ ਗਰੀਬ ਆਦਮੀ ਵੀ ਦਿਸੇ। ਪਰ ਸਵਾਲ ਪੁਛਣ ਤੇ ਹੌਲੇ ਹੌਲੇ ਅਸਲੀਅਤ ਸਾਹਮਣੇ ਆਉਣ ਲੱਗੀ ਹੈ। ਇਹ ਕਾਰਾਂ, ਇਹ ਮਕਾਨ ਸਭ ਬੈਂਕਾਂ ਦੀ ਮਲਕੀਅਤ ਹਨ, ਹਰ ਚੀਜ਼ ਲੈਣ ਲਈ ਤੁਹਾਨੂੰ ਬੈਂਕਾਂ ਤੋਂ ਕਰਜ਼ਾ ਮਿਲ ਸਕਦਾ ਹੈ। ਹਰ ਮਹੀਨੇ ਤੁਹਾਨੂੰ ਕਿਸ਼ਤਾਂ ਤਾਰਨੀਆਂ ਪੈਂਦੀਆਂ ਹਨ। ਇਹ ਕਿਸ਼ਤਾਂ ਤੁਹਾਡੇ ਸਿਰਤੇ ਤਲਵਾਰ ਬਣਕੇ ਲਟਕਦੀਆਂ ਰਹਿੰਦੀਆਂ ਹਨ। ਉਤੋਂ ਤੁਸੀਂ ਰਾਜੇ ਹੋ, ਵਿਚੋਂ ਤੁਸੀਂ ਨੰਗ ਹੋ। ਇਹ ਕਿਸ਼ਤਾਂ ਦਾ ਫਿਕਰ ਤੁਹਾਨੂੰ ਐਸੇ ਚੱਕਰ ਵਿਚ ਪਾਈ ਰਖਦਾ ਹੈ ਕਿ ਤੁਸੀਂ ਜ਼ਿੰਦਗੀ ਬਾਰੇ ਕੁਝ ਸੋਚ ਹੀ ਨਹੀਂ ਸਕਦੇ। ਤੁਹਾਡੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਢਾਅ ਵਜਦੀ ਹੈ। ਤੁਸੀਂ ਇਹਨਾਂ ਕਦਰਾਂ ਕੀਮਤਾਂ ਨੂੰ ਪੈਸੇ ਦੀ ਸ਼ਕਲ ਵਿੱਚ ਵੇਖਣਾ ਸ਼ੁਰੂ ਕਰ ਦੇਂਦੇ ਹੋ। ਇਕ ਸੁਆਰਥੀ ਜਿਹਾ ਤੁਹਾਡਾ ਕਿਰਦਾਰ ਬਣ ਜਾਂਦਾ ਹੈ। ਬੈਂਕਾਂ ਦਾ ਚੱਕਰ, ਜਿਹੜਾ ਸਰਮਾਏਦਾਰੀ ਸਿਸਟਮ ਦਾ ਵੱਡਾ ਚਿੰਨ੍ਹ ਹੈ, ਇਹਦਾ ਅਸਰ ਸਾਡੇ ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਤੇ ਵੀ

**ਇਸ ਅੰਕ ਵਿਚ : ਸੰਪਾਦਕੀ ਟਿੱਪਣੀਆਂ**

**ਕਹਾਣੀਆਂ** : ਨੇਰ੍ਹੇ ਦਾ ਸਫ਼ਰ/ਗੁਰਨਾਮ ਸਿੰਘ, ਦਾਤੀ ਵਾਲਾ ਮੁੱਕਾ/ਸਰਬਜੀਤ ਤਲਵਾਂ

**ਨਾਟਕ** : ਆਦਮੀ ਦਾ ਮਾਸ/ਅਸਗਰ ਵਜਰਤ

**ਕਵਿਤਾਵਾਂ** : ਅਸੀਂ ਬੇਦਾਵਾ ਨਹੀਂ ਦਿੱਤਾ/ਨਵਕਿਰਨ, ਯਾਰ ਵਾਰੇ ਸ਼ਾਹਾ/ਮਹਿੰਦਰਪਾਲ ਭੱਠਲ, ਗੈਰ ਕਾਨੂੰਨੀ ਰੱਜੀ ਕਰਦਿਆਂ ਦੀ ਦਾਸਤਾਨ/ਦਰਸ਼ਨ ਬੁਲੰਦਵੀ, ਚਿੰਨ੍ਹਾਂ ਦੀ ਤ੍ਰਾਸਦੀ/ਜਗਰੂਪ ਸਿੰਘ ਰੂਪ, ਰਾਜ ਸੱਤਾ/ਉਦੈ ਪ੍ਰਕਾਸ਼

**ਪਾਠਕ ਲੇਖਕ ਫੋਰਮ** : ਅਧਿਆਪਕਾਂ ਬਾਰੇ ਕਿਸ਼ਤ (3) —ਕਮਿਊਨਿਸਟ ਲਹਿਰ ਨਾਲ ਵਾਹ ਰੱਖਣ ਵਾਲੇ ਅਧਿਆਪਕਾਂ ਨੂੰ ਇਕ ਚਿੱਠੀ/ਬਲਦੇਵ ਸਿੰਘ, ਅਧਿਆਪਕ ਬਨਾਮ ਅਧਿਆਪਕ/ਹਰਪਾਲਜੀਤ ਪਾਲੀ, ਸਾਡਾ ਵਿਦਿਅਕ ਸਿਸਟਮ ਅਤੇ ਅਧਿਆਪਕ/ਦਲੀਪ ਸਿੰਘ ਜੁਨੇਜਾ

**ਲੇਖ** : ਧਰਮ ਤੇ ਮਾਰਕਸਵਾਦ/ਜਸਵੰਤ ਖਾਲੜਾ

ਪੈਣਾ ਸ਼ੁਰੂ ਹੋ ਗਿਆ ਹੈ, ਪਰ ਕੈਨੇਡਾ ਵਰਗੀ ਧਰਤੀ ਤੇ ਇਹ ਆਪਣੇ ਸਿਖਰਾਂ ਤੇ ਹੈ।

o ਤਿੰਨ ਚਾਰ ਦਿਨ ਦੀ ਅਮੀਰੀ ਠਾਠ ਵੇਖਣ ਦੇ ਬਾਅਦ ਉਹਨਾਂ ਫਾਰਮਾਂ ਨੂੰ ਵੇਖਣ ਦਾ ਮੌਕਾ ਮਿਲਿਆ ਹੈ ਜਿੱਥੇ ਆਪਣੇ ਪੰਜਾਬੀ ਭੈਣ ਭਰਾ ਖੇਤ ਮਜ਼ਦੂਰਾਂ ਵਾਕੁਨ ਕੰਮ ਕਰਦੇ ਹਨ। ਇਹਨਾਂ ਫਾਰਮਾਂ ਦੇ ਮਾਲਕ ਗੋਰੇ ਵੀ ਹਨ ਤੇ ਪੰਜਾਬੀ ਵੀ ਹਨ। ਇਹ ਪੰਜਾਬੀ ਖੇਤ ਮਜ਼ਦੂਰ ਫਾਰਮਾਂ ਦੇ ਕੈਬਿਨਾਂ ਵਿਚ ਵੀ ਰਹਿੰਦੇ ਹਨ ਅਤੇ ਜੇ ਉਹਨਾਂ ਦੇ ਰਹਿਣ ਦਾ ਆਪਣਾ ਬੰਦੋਬਸਤ ਹੈ ਤਾਂ ਉਹ ਟੱਰਕਾਂ (ਜਿਨ੍ਹਾਂ ਨੂੰ ਇਥੇ ਟੱਰਕੀਆਂ ਕਹਿੰਦੇ ਹਨ) ਵਿਚ ਭਰਕੇ ਫਾਰਮਾਂ ਵਿਚ ਲਿਜਾਦੇ ਜਾਂਦੇ ਹਨ। ਇਹਨਾਂ ਵਿਚ ਬਹੁਤੇ ਬੁਢੇ ਤੇ ਔਰਤਾਂ ਹਨ, ਜਿਨ੍ਹਾਂ ਕੋਲੋਂ ਠੇਕੇ ਤੇ ਕੰਮ ਲਿਆ ਜਾਂਦਾ ਹੈ। ਇਥੋਂ ਦੇ ਸਟੈਂਡਰਡ ਅਨੁਸਾਰ ਇਹਨਾਂ ਦੀ ਰਹਿਣੀ ਸਹਿਣੀ ਅਤੇ ਕੰਮ ਦੀ ਹਾਲਤ ਵੇਖਕੇ ਆਪਣੇ ਪਿੰਡਾਂ ਵਿਚ ਕੰਮ ਕਰਦੇ ਭਈਏ ਯਾਦ ਆ ਜਾਂਦੇ ਹਨ। ਦਸਿਆ ਗਿਆ ਹੈ ਕਿ ਬਜ਼ੁਰਗ ਜਿਹੜੇ ਕੰਮ ਪਏ ਕਰਦੇ ਨੇ, ਇਹ ਆਪਣੇ ਪਿੰਡਾਂ ਦੇ ਚੰਗੇ ਖਾਂਦੇ ਪੀਂਦੇ ਹਨ। ਕੋਈ ਰੀਟਾਇਰਡ ਥਾਣੇਦਾਰ, ਕੋਈ ਪਟਵਾਰੀ ਅਤੇ ਕੋਈ ਫੌਜੀ ਅਫਸਰ ਹੈ। ਆਪਣੇ ਪੁੱਤਰ ਧੀਆਂ ਦੇ ਸੱਦੇ ਤੇ ਇੱਥੇ ਆਏ ਹਨ ਪਰ ਇੱਥੋਂ ਦੀ ਮਹਿੰਗੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਕਾਇਮ ਰਖਣ ਵਾਸਤੇ ਜਾਂ ਆਪਣੀ ਜ਼ਿੰਦਗੀ ਨੂੰ ਰੁਝਿਆਂ ਰੱਖਣ ਵਾਸਤੇ ਇਹਨਾਂ ਨੂੰ ਇਹ ਖੇਤਾਂ ਦੀ ਮਜ਼ਦੂਰੀ ਕਰਨੀ ਪੈ ਰਹੀ ਹੈ। ਇਹਨਾਂ ਵਿਚੋਂ ਬਹੁਤੇ ਉਹ ਹਨ, ਜਿਨ੍ਹਾਂ ਨੇ ਪੰਜਾਬ ਵਿਚ ਕਦੀ ਖੇਤਾਂ ਵਿਚ ਕੰਮ ਨਹੀਂ ਕੀਤਾ। ਜੇ ਉਹ ਪਿੰਡਾਂ ਵਿਚੋਂ ਵੀ ਆਏ ਹਨ ਤਾਂ ਵੀ ਉਹ ਹਨ, ਜਿਨ੍ਹਾਂ ਨੇ ਆਪਣੇ ਖੇਤਾਂ ਵਿਚ ਆਪ ਕੰਮ ਨਹੀਂ ਕੀਤਾ, ਸਗੋਂ ਹੋਰਨਾਂ ਕੋਲੋਂ ਕੰਮ ਕਰਵਾਇਆ ਹੀ ਹੈ। ਇਹ ਆਪਣੇ ਘਰਾਂ ਵਿਚ ਹੁੰਦੇ ਤੇ ਇਹਨਾਂ ਦੇ ਪੁੱਤਰ ਧੀ ਵੀ ਉਥੇ ਹੁੰਦੇ ਤਾਂ ਇਹ ਆਪਣੇ ਘਰਾਂ ਵਿਚ ਮੁਹਤਬਰ ਜ਼ਿੰਦਗੀ ਗੁਜ਼ਾਰ ਰਹੇ ਹੁੰਦੇ। ਇਹ ਇਥੇ ਨਰਕਾਂ ਵਰਗੀ ਜ਼ਿੰਦਗੀ ਕਿਉਂ ਕੱਟ ਰਹੇ ਹਨ ? ਇਹਨਾਂ ਦੇ ਪੁਤਰ ਧੀਆਂ ਇਥੇ ਆਏ ਤੇ ਉਹਨਾਂ ਦਾ ਮੋਹ ਵੀ ਉਹਨਾਂ ਨੂੰ ਇਥੇ ਲੈ ਆਇਆ। ਚੰਗੀ ਜ਼ਿੰਦਗੀ ਜੀਣ ਲਈ ਬਹੁਤ ਸਾਰੇ ਡਾਲਰ ਚਾਹੀਦੇ ਹਨ। (ਇਥੇ ਇਹਨਾਂ ਨੂੰ ਡਾਲੇ ਕਿਹਾ ਜਾਂਦਾ ਹੈ) ਤੇ ਉਹ ਕਮਾਉਣ ਲਈ ਬੁਢਿਆਂ ਅਤੇ ਤੀਵੀਆਂ ਨੂੰ ਵੀ ਸਖਤ ਮੇਹਨਤ ਕਰਨੀ ਪੈਂਦੀ ਹੈ। ਕੈਨੇਡਾ ਵਿਚ ਇਹਨਾਂ ਫਾਰਮ ਵਰਕਰਾਂ ਦੀ ਜ਼ਿੰਦਗੀ ਬਾਰੇ ਆਨੰਦ ਪਤਵਰਧਨ ਦੀ ਬਣਾਈ ਹੋਈ ਇਕ ਫਿਲਮ 'ਉਠਨ ਦਾ ਵੇਲਾ' ਵੀ ਵੇਖਣ ਦਾ ਮੌਕਾ ਮਿਲਿਆ ਹੈ। ਇਹ ਫਿਲਮ ਹਿੰਦੋਸਤਾਨ ਵੀ ਪਹੁੰਚੀ ਹੈ। ਪਹਿਲੇ ਸਰਕਾਰ ਵੱਲੋਂ ਇਹਦੀ ਨੁਮਾਇਸ਼ ਤੇ ਪਾਬੰਧੀ ਲਗਾ ਦਿੱਤੀ ਸੀ। ਕਾਰਨ ਇਹ ਦਸਿਆ ਸੀ ਕਿ ਇਹਦੇ ਕਰਕੇ ਹਿੰਦੋਸਤਾਨ ਦੇ ਕੈਨੇਡਾ ਸਰਕਾਰ ਨਾਲ ਤੁਅਲਕ ਵਿਗੜਣ ਦਾ ਅੰਦੇਸ਼ਾ ਹੈ। ਇਥੇ ਆ ਕੇ ਪਤਾ ਲੱਗਾ ਕਿ ਇਹ ਫਿਲਮ ਬਨਾਉਣ ਲਈ ਕੈਨੇਡਾ ਸਰਕਾਰ ਦੇ ਇਕ ਅਦਾਰੇ ਨੇ ਸਗੋਂ ਮਾਲੀ ਸਹਾਇਤਾਂ ਵੀ ਦਿਤੀ। ਇਹ ਫਿਲਮ ਜਿਥੇ ਫਾਰਮ ਵਰਕਰਾਂ ਦੀ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀ ਹੈ, ਉਥੇ ਉਹਨਾਂ ਦੇ ਯੂਨੀਅਨ ਬਨਾਉਣ ਦੇ ਸੰਘਰਸ਼ ਨੂੰ ਵੀ ਦਰਸਾਂਦੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਠੇਕੇਦਾਰਾਂ ਅਤੇ ਅਮੀਰ ਫਾਰਮਾਂ ਦੀ ਲੁੱਟ ਖਸੁੱਟ ਤੋਂ ਬਚਾ ਸਕਣ। ਔਲਾਦ ਦਾ ਮੋਹ ਉਹਨਾਂ ਬਜ਼ੁਰਗਾਂ ਨੂੰ ਕੈਨੇਡਾ ਵਿਚ ਨਰਕੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰ ਰਿਹਾ ਹੈ। ਇਹ ਬਜ਼ੁਰਗ ਇਥੇ ਖੁਸ਼ ਨਹੀਂ ਹਨ। ਵਾਪਸ ਜਾਣ ਜੋਗੇ ਵੀ ਨਹੀਂ ਹਨ। ਉਹਨਾਂ ਦੇ ਉਦਾਸ ਚਿਹਰੇ ਉਹਨਾਂ ਦੀ ਮਜ਼ਬੂਰੀ ਦਸ ਰਹੇ ਹਨ। ਧੀਆਂ ਪੁੱਤਰ ਉਹਨਾਂ ਦੇ ਇਥੇ ਹਨ। ਵਾਪਸ ਜਾਣ ਤਾਂ ਬਜ਼ੁਰਗਾਂ ਦੀ ਉਥੇ ਦੇਖ ਭਾਲ ਕੌਣ ਕਰੇ ? ਪੰਜਾਬ ਵਿਚ ਕਿਹੜਾ ਸਵਰਗ ਉਹਨਾਂ ਨੂੰ ਉਡੀਕਦਾ ਹੈ ? ਬਜ਼ੁਰਗ ਔਰਤਾਂ ਹਨ। ਉਹਨਾਂ ਦੇ ਪੁੱਤਾਂ ਧੀਆਂ ਨੇ ਬੁਲਾਇਆ ਹੈ, ਉਹਨਾਂ ਨੇ ਬੱਚੇ ਸਾਂਭਣੇ ਹਨ ਕਿਉਂਕਿ ਪਤੀ ਪਤਨੀ ਦੋਨਾਂ ਨੇ ਕੰਮ ਤੇ ਜਾਣਾ ਹੈ। ਬੱਚਿਆਂ ਦੀ ਸੰਭਾਲ ਲਈ ਤਾ ਚਾਹੀਦਾ ਹੈ। ਬੱਚੇ ਵੱਡੇ ਹੋ ਗਏ ਹਨ। ਹੁਣ ਉਹ ਬਜ਼ੁਰਗ ਔਰਤ ਕੀ ਕਰੇ ? ਭਾਵੇਂ ਨਿੱਕੇ ਹੁੰਦਿਆਂ ਨਾਨੀ ਦਾਦੀ ਨੇ ਪਾਲੇ ਹਨ ਪਰ ਹੁਣ ਦੋਹਤੇ ਦੋਹਤੀਆਂ ਪੋਤਰੇ ਪੋਤਰੀਆਂ ਦੀ ਨਾਨੀ ਦਾਦੀ ਨਾਲ ਕੋਈ ਸਾਂਝ ਨਹੀਂ। ਘਰ ਬੈਠੀਆਂ ਕੀ ਕਰਨ ? ਕਿਉਂ ਨਾ ਖੇਤਾਂ ਵਿਚ ਕੁਝ ਕੰਮ ਕਰ ਲੈਣ। ਕੁਝ ਤਾਂ 'ਡਾਲੇ' ਆਉਣਗੇ। ਅੱਖਾਂ ਵਿਚ ਉਦਾਸੀਆਂ ਲਈ ਉਹ ਜੀ ਰਹੇ ਹਨ। ਜੜ੍ਹਾਂ ਤੋਂ ਉਖੜੇ ਪੌਦੇ ਕਦੋਂ ਤਕ ਹਰਿਆਵਲ ਕਾਇਮ ਰੱਖ ਸਕਦੇ ਹਨ ? ਆਖ਼ਰ ਉਹਨਾਂ ਨੇ ਮੁਰਝਾਣਾ ਹੀ ਹੈ।

o ਵੈਨਕੂਵਰ ਹਾਲ ਵਿਚ ਰਾਤੀਂ ਡਰਾਮਾ ਕੀਤਾ ਹੈ। ਹਾਲ ਖਚਾ ਖੱਚ ਭਰਿਆ ਹੈ। ਬਹੁਤ ਸਾਰੇ ਲੋਕਾਂ ਨੂੰ ਸੀਟਾਂ ਨਹੀਂ ਮਿਲੀਆਂ। ਉਹ ਖੜੇ ਹੀ ਨਾਟਕ ਵੇਖ ਰਹੇ ਹਨ। ਬਹੁਤ ਸਾਰਿਆਂ ਨੂੰ ਵਾਪਸ ਪਰਤਣਾ ਪਿਆ ਹੈ। ਚਾਂਦਨੀ ਚੌਕ ਤੋਂ ਸਰਹਿੰਦ ਤੱਕ, ਟੋਆ ਅਤੇ ਮਿੱਟੀ ਦਾ ਮੂਲ ਨਾਟਕ ਕੀਤੇ ਗਏ ਹਨ। ਪੰਜਾਬ

ਦਾ ਇਤਿਹਾਸ, ਦੇਸ਼ ਦੀ ਅਜੋਕੀ ਹਾਲਤ, ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਦਾ ਯਥਾਰਥ ਪੇਸ਼ ਕੀਤਾ ਗਿਆ ਹੈ। ਦੇਸੋਂ ਦੂਰ ਬੈਠੇ ਆਪਣੇ ਲੋਕਾਂ ਨੇ ਨਾਟਕਾਂ ਨੂੰ ਭਰਪੂਰ ਹੁੰਗਾਰਾ ਦਿਤਾ ਹੈ। ਇਪਾਨਾ ਦੇ ਲੋਕ ਵੀ ਉਤਸ਼ਾਹ ਵਿਚ ਹਨ। ਕਲਾਕਾਰਾਂ ਦਾ ਹੌਸਲਾ ਵੀ ਵਧਿਆ ਹੈ। ਅਗਲੇ ਦਿਨ ਟੈਲੀਫੂਨ ਆ ਰਹੇ ਹਨ। ਰਾਤ ਦੇ ਪ੍ਰੋਗਰਾਮ ਦੀ ਭਰਪੂਰ ਚਰਚਾ ਹੈ। ਇਕ ਕੁੜੀ ਦੀ ਆਵਾਜ਼ ਹੈ। ਨਾਂ ਨਹੀਂ ਦੱਸ ਰਹੀ। ਪਟਿਆਲਾ ਯੂਨੀਵਰਸਟੀ ਵਿਚ ਉਹਨੇ ਸਾਡੇ ਨਾਟਕ ਵੇਖੇ ਹਨ। ਭਾਅ ਜੀ ਕਹਿ ਕੇ ਬੁਲਾਇਆ ਹੈ। ਦੱਸਣ ਲੱਗੀ, ਰਾਤੀਂ ਨਾਟਕ ਵੇਖਕੇ ਆਪਣਾ ਦੇਸ਼, ਆਪਣਾ ਘਰ ਯਾਦ ਆ ਗਿਆ ਹੈ। ਪੜ੍ਹੀ ਲਿਖੀ ਕੁੜੀ ਹੈ। ਇਥੋਂ ਦੇ ਇਕ ਮੁੰਡੇ ਨਾਲ ਵਿਆਹੀ ਗਈ ਹੈ। ਮੁੰਡਾ ਦੇਸ ਗਿਆ, ਅੰਗਰੇਜ਼ੀ ਬੋਲਦਾ ਸੀ, ਆਪਣੇ ਬਾਰੇ ਦਸਿਆ ਕਿ ਚੰਗੀ ਨੌਕਰੀ ਤੇ ਲਗਿਆ ਹੋਇਆ ਹੈ। ਕਾਰ ਕੋਲ ਹੈ। ਮਾਪਿਆਂ ਨੇ ਯੋਗ ਵਰ ਸਮਝਕੇ ਵਿਆਹ ਦਿੱਤੀ। ਕਨੇਡਾ ਆ ਗਈ ਹੈ। ਬੜੇ ਚਾਅਵਾਂ ਨਾਲ। ਪਰ ਇਥੇ ਆ ਕੇ ਉਮੀਦਾਂ ਨਾਲੋਂ ਜ਼ਿੰਦਗੀ ਬਿਲਕੁਲ ਵੱਖਰੀ ਹੈ। ਮੈਨੂੰ ਕਹਿੰਦੀ ਹੈ 'ਭਾਅ ਜੀ ਜਦੋਂ ਦੇਸ ਵਾਪਸ ਜਾਵੋ, ਨਾਟਕ ਕਰੋ ਤਾਂ ਥਾਂ ਥਾਂ ਲੋਕਾਂ ਨੂੰ ਆਖੋ—ਕੈਨੇਡਾ ਵਲ ਕਿਉਂ ਧਾ ਧਾਕੇ ਪਏ ਆਂਦੇ ਹੋ ? ਇਥੇ ਕੀ ਪਿਆ ਹੈ ? ਜੇ ਚੰਗੀ ਜ਼ਿੰਦਗੀ ਦੀ ਤਲਾਸ਼ ਹੈ ਤਾਂ ਇਥੇ ਉਹ ਨਹੀਂ ਮਿਲਣੀ। ਕਿਉਂ ਨਾ ਸੰਘਰਸ਼ ਕਰਕੇ ਉਥੇ ਹੀ ਆਪਣੀ ਜ਼ਿੰਦਗੀ ਨੂੰ ਚੰਗਾ ਬਣਾਇਆ ਜਾਏ ? ਇਹੋ ਜਿਹੇ ਵਿਚਾਰ ਹੋਰ ਵੀ ਨੌਜਵਾਨਾਂ ਨੇ ਪ੍ਰਗਟਾਏ ਹਨ।

o ਈਪਾਨਾ ਦੇ ਸੱਦੇ ਤੇ ਕੈਨੇਡਾ ਆਏ ਹਾਂ। ਇਹ ਸੰਸਥਾ ਜਿਥੇ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਨੂੰ ਜਮਹੂਰੀ ਕਦਰਾਂ ਕੀਮਤਾਂ ਦੇ ਦੁਆਲੇ ਇਕੱਠੇ ਕਰਨ ਦਾ ਉਪਰਾਲਾ ਕਰਦਾ ਹੈ, ਉਹ ਹਿੰਦੋਸਤਾਨ ਦੀ ਜਮਹੂਰੀ ਲਹਿਰ ਵਿਚ ਆਪਣਾ ਹਿੱਸਾ ਪਾਉਂਦਾ ਹੈ। ਨਸਲਵਾਦ ਵਿਰੁਧ ਸੰਘਰਸ਼ ਕਰਨਾ ਇਹਨਾਂ ਦਾ ਟੀਚਾ ਹੈ। ਇਸ ਮਸਲੇ ਤੇ ਕੈਨੇਡਾ ਵਿਚ ਕੰਮ ਕਰ ਰਹੀਆਂ ਹੋਰ ਜਥੇਬੰਦੀਆਂ ਨਾਲ ਵੀ ਇਹਨਾਂ ਦਾ ਤਾਲਮੇਲ ਹੈ। ਹਿੰਦੋਸਤਾਨ ਤੋਂ ਬਾਹਰ ਰਹਿ ਰਹੇ ਹਿੰਦੋਸਤਾਨੀਆਂ ਲਈ ਦੂਹਰੀ ਸ਼ਹਿਰੀਅਤ ਦੀ ਮੰਗ ਨੂੰ ਲੈਕੇ ਲੋਕ ਰਾਇ ਨੂੰ ਲਾਮਬੰਦ ਕਰਨ ਵਿਚ ਸਰਗਰਮ ਹਨ। ਈਪਾਨਾ ਦੇ ਉਘੇ ਵਰਕਰ ਅਤੇ ਫਾਊਂਡਰ ਪ੍ਰੈਜ਼ੀਡੈਂਟ ਡਾਕਟਰ ਹਰੀ ਸ਼ਰਮਾ ਦੇ ਘਰ ਹੀ ਅਸੀਂ ਠਹਿਰੇ ਹਾਂ। ਇਥੇ ਦਾ ਸਾਇਮਾਨ ਫਰੇਜ਼ਰ ਯੂਨੀਵਰਸ਼ਟੀ ਵਿਚ ਇਹ ਸੋਸ਼ਿਆਲੋਜੀ ਦੇ ਪ੍ਰੋਫੈਸਰ ਹਨ। ਹਿੰਦੀ ਸਾਹਿਤ ਦੇ ਮੰਨੇ ਹੋਏ ਕਹਾਣੀ ਲੇਖਕ ਹਨ। 'ਮਿੱਟੀ ਦੀ ਲੋਥ', ਇਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਸੀ। ਦੂਜਾ ਸੰਗ੍ਰਹਿ 'ਵਾਪਸੀ' ਵੀ ਛਪ ਰਿਹਾ ਹੈ। ਹੋਰਨਾਂ ਜ਼ਬਾਨਾਂ ਵਿਚ ਵੀ ਇਹਨਾਂ ਦੀਆਂ ਕਹਾਣੀਆਂ ਦਾ ਅਨੁਵਾਦ ਹੋਇਆ ਹੈ। ਬੰਗਾਲੀ ਵਿਚ ਇਹਨਾਂ ਦੀਆਂ ਕਹਾਣੀਆਂ ਨੂੰ ਉਲਥਾਕੇ ਇਕ ਵੱਡੇ ਅਦਾਰੇ ਨੇ ਛਾਪਿਆ ਹੈ। ਹਿੰਦੀ ਦੇ ਪ੍ਰਤੀਨਿਧ ਹਿੰਦੀ ਕਹਾਣੀ ਦੇ ਸੰਗ੍ਰਹਿ ਵਿਚ ਇਹਨਾਂ ਦੀ ਕਹਾਣੀ 'ਵਾਪਸੀ ਨੂੰ ਚੁਣਿਆ ਗਿਆ ਹੈ। ਅੰਗਰੇਜ਼ੀ ਵਿਚ ਵੀ ਇਹ ਕਹਾਣੀ ਟਰਾਂਟੋ ਸਾਊਥ ਏਸ਼ੀਆ ਰੀਵਿਊ ਵਿਚ ਛਾਪੀ ਗਈ ਹੈ। ਸਮਤਾ ਮਾਰਚ 1983 ਵਿਚ ਕਹਾਣੀ 'ਮਾਲਕ ਕੌਣ' ਛੱਪੀ ਸੀ, ਜਿਹੜੀ ਪਾਠਕਾਂ ਵਲੋਂ ਬੜੀ ਸਲਾਹੀ ਗਈ ਸੀ। ਵੈਨਕੂਵਰ ਸ਼ਹਿਰ ਵਿਚ ਇਹ ਆਪਣੇ ਆਪ ਵਿਚ ਇੱਕ ਸੰਸਥਾ ਹਨ। ਨਸਲੀ ਵਿਤਕਰੇ ਵਿਰੁਧ ਸੰਘਰਸ਼ ਦੇ ਇਕ ਕਾਮੇ ਹਨ। ਕੈਨੇਡਾ ਦੇ ਅਗ੍ਹਾਂ ਵਧੂ ਸੋਚਣੀ ਦੇ ਕੈਨੇਡੀਅਨ ਲੋਕਾਂ ਅਤੇ ਕਈ ਸੰਸਥਾਵਾਂ ਨਾਲ ਇਹਨਾਂ ਦਾ ਸਰਗਰਮ ਰਿਸ਼ਤਾ ਹੈ। ਪੰਜਾਬੀ ਘਰਾਂ ਵਿਚ ਇਹਨਾਂ ਦਾ ਵਿਸ਼ੇਸ਼ ਸਤਿਕਾਰ ਹੈ। ਬਹੁਤ ਸਾਰੇ ਬੱਚਿਆਂ ਦੇ 'ਇਹ' ਤਾਇਆ ਜੀ ਕਹਿਲਾਂਦੇ' ਹਨ। ਇਹਨਾਂ ਦੇ ਘਰ ਰਹਿੰਦਿਆਂ ਇੰਝ ਲਗਦਾ ਹੈ ਜਿਸ ਤਰ੍ਹਾਂ ਆਪਣੇ ਘਰ ਰਹਿ ਰਹੇ ਹਾਂ। ਕਿਚਨ ਵਿਚ, ਕਮਰਿਆਂ ਦੀ ਸਫ਼ਾਈ ਵਿਚ, ਬਾਗ਼ ਬਗੀਚੇ ਦੀ ਸਫਾਈ ਵਿਚ ਕਲਾਕਾਰ ਉਹਨਾਂ ਦਾ ਹਿੱਸਾ ਵੰਡਾ ਰਹੇ ਹਨ। ਘਰ ਆਪਣੇ ਆਪ ਵਿਚ ਇਕ ਵੱਡੀ ਲਾਇਬਰੇਰੀ ਹੈ। ਦੁਨੀਆਂ ਭਰ ਦਾ ਮਾਰਕਸੀ ਸਾਹਿਤ ਮਾਰਕਸ, ਲੈਨਿਨ, ਸਟਾਲਿਨ, ਮਾਓ ਦੀਆਂ ਲਿਖਤਾਂ ਦੇ ਪੂਰੇ ਸੈਟ ਅਤੇ ਦੁਨੀਆਂ ਭਰ ਦੇ ਮਾਰਕਸੀ ਬੁੱਧੀਜੀਵਾਂ ਵਲੋਂ ਮਾਰਕਸਿਜ਼ਮ ਦੀ ਵਿਆਖਿਆ ਦੀਆਂ ਦਰਜਨਾਂ ਕਿਤਾਬਾਂ ਇਹਨਾਂ ਕੋਲ ਪਈਆਂ ਹਨ। ਦੁਨੀਆਂ ਵਿਚ ਕਮਿਊਨਿਸਟ ਲਹਿਰ ਦੇ ਵੱਖ ਵੱਖ ਰੁਝਾਨਾਂ ਦਾ ਇਹਨਾਂ ਨੂੰ ਪੂਰਾ ਗਿਆਨ ਹੈ। ਵਿਚਾਰ ਵਟਾਂਦਰੇ ਵਿਚ ਬੜੀ ਖੁਲੀ ਪੁਜ਼ੀਸ਼ਨ ਲੈਂਦੇ ਹਨ। ਈਪਾਨਾ ਨੂੰ ਹਿੰਦੋਸਤਾਨ ਦੇ ਇਨਕਲਾਬ ਨਾਲ ਜੋੜਨ ਦੇ ਹਾਮੀ ਹਨ। ਇਸ ਬਹੁਪੱਖੀ ਸ਼ਖਸੀਅਤ ਨਾਲ ਏਨੇ ਦਿਨ ਇਕੱਠੀਆਂ ਰਹਿਣਾ ਜ਼ਿੰਦਗੀ ਦੀਆਂ ਚੰਗੀਆਂ ਯਾਦਾਂ ਵਿਚੋਂ ਇਕ ਯਾਦ ਬਣਕੇ ਰਹੇਗਾ।

ਡਾਕਟਰ ਹਰੀ ਸ਼ਰਮਾ ਤੋਂ ਇਲਾਵਾ ਇਪਾਨਾ ਦੇ ਹੋਰ ਸਾਥੀਆਂ ਦਾ ਸੰਥ ਮਾਨਣ ਦਾ ਮੌਕਾ ਮਿਲਿਆ ਹੈ।

ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਿਲ ਇਕ ਗੰਭੀਰ ਸਾਥੀ ਹਨ। ਜਥੇਬੰਦਕ ਕੰਮਾਂ ਲਈ ਉਹਨਾਂ ਦੀ ਕਾਬਲੀਅਤ ਦਾਦ ਦੇਣ ਵਾਲੀ ਹੈ। ਤਿੰਨ ਸਾਲ ਪਹਿਲੋ ਹਿੰਦੋਸਤਾਨ ਆਏ ਸਨ ਤਾਂ ਇਹਨਾਂ ਨਾਲ ਪਹਿਲੀ ਮੁਲਾਕਾਤ ਹੋਈ ਸੀ। ਹਿੰਦੋਸਤਾਨ ਦੀ ਆਪਣੀ ਫੇਰੀ ਵੇਲੇ ਇਹ ਇਕ ਰੈਲੀ ਨੂੰ ਸੰਬੋਧਨ ਕਰਕੇ ਵਾਪਸ ਆ ਰਹੇ ਸਨ ਜਦੋਂ ਬਾਘਾ ਪੁਰਾਣਾ ਥਾਣੇ ਵਿਚੋਂ ਇਹਨਾਂ ਨਾਲ ਵਹਿਸ਼ੀਆਨਾ ਸਲੂਕ ਕੀਤਾ ਗਿਆ ਸੀ। ਨਤੀਜੇ ਵਜੋਂ ਦੁਨੀਆਂ ਦੇ ਜਸ-ਹੂਰੀ ਹਲਕਿਆਂ ਵਿਚ ਗੁਸੇ ਦੀ ਲਹਿਰ ਦੌੜ ਗਈ ਸੀ ਅਤੇ ਹਿੰਦੋਸਤਾਨ ਸਰਕਾਰ ਅਗੇ ਬੜਾ ਰੋਸ ਪ੍ਰਗਟ ਕੀਤਾ ਗਿਆ ਸੀ, ਰਾਜ ਚੌਹਾਨ, ਸਰਵਨ ਬੋਹਲ, ਸਤਿੰਦਰ ਸਿਧੂ, ਗੁਰਨਾਮ, ਨਿਰਮਲ, ਜਗਦੀਸ਼ ਕਿੰਨੇ ਹੀ ਸਾਥੀ ਹਨ ਜੋ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਿਚ ਵੀ ਕੰਮ ਕਰਦੇ ਹਨ ਤੇ ਇਪਾਨਾ ਦੀਆਂ ਸਰਗਰਮੀਆਂ ਵਿਚ ਵੀ ਹਿੱਸਾ ਲੈਂਦੇ ਹਨ। ਪੈਸਾ ਪ੍ਰਧਾਨ ਸਮਾਜ ਵਿਚ ਆਪਣੀ ਰੋਜ਼ੀ ਲਈ ਸਖਤ ਮੇਹਨਤ ਕਰਨ ਦੇ ਬਾਅਦ ਵੀ ਸਿਆਸੀ ਅਤੇ ਸਮਾਜਕ ਕੰਮਾਂ ਵਿਚ ਇਹਨਾਂ ਸਾਥੀਆਂ ਦਾ ਇਸ ਲਗਨ ਨਾਲ ਕੰਮ ਕਰਨਾ ਉਤਸ਼ਾਹ ਦੇਂਦਾ ਹੈ...

o ਪੰਜਾਬੀ ਲੇਖਕ ਅਜਮੇਰ ਰੋਡੇ ਦੇ ਘਰ ਗਏ, ਹਾਂ। ਉਹਦੀ ਪਤਨੀ ਸੁਰਜੀਤ ਕਲਸੀ ਵੀ ਇਕ ਲੇਖਿਕਾ ਹੈ। ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖਦੀ ਹੈ। ਵੈਨਕੂਵਰ ਦੀਆਂ ਸਭਿਆਚਾਰਕ ਸਰਗਰਮੀਆਂ ਵਿਚ ਉਹਨਾਂ ਦੀ ਵਿਸ਼ੇਸ਼ ਭੂਮਿਕਾ ਹੈ। ਉਹ ਕਾਫੀ ਸਾਲਾਂ ਤੋਂ ਇਥੇ ਹਨ। ਜਦੋਂ ਅਸੀਂ ਇਥੇ ਪੁਜੇ ਹੀ ਸਾਂ ਤਾਂ ਉਹਨਾਂ ਦੇ ਭਾਰਤੀ ਨਾਟ ਕੇਂਦਰ ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਵੇਖਿਆ ਸੀ। ਉਸ ਵਿਚ ਅਜਮੇਰ ਔਲਖ ਦਾ ਨਾਟਕ 'ਤੂੜੀ ਵਾਲਾ ਕੋਠਾ' ਵੇਖਿਆ। ਸੀਮਤ ਸਾਧਨਾਂ ਦੇ ਹੁੰਦਿਆਂ ਵੀ ਪੰਜਾਬ ਦੀ ਜ਼ਿੰਦਗੀ ਦਾ ਯਥਾਰਥ ਉਸਾਰਨ ਦਾ ਇਕ ਸਫਲ ਉਪਰਾਲਾ ਸੀ। ਕਿਤਾਬਾਂ ਦੇ ਸ਼ੈਲਫ ਤੇ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਦੀਆਂ ਕਿਤਾਬਾਂ ਵੇਖ ਕੇ ਖੁਸ਼ੀ ਹੋਈ ਹੈ। ਸਾਹਿਤ ਇਕ ਐਸਾ ਮਾਧਿਅਮ ਹੈ, ਜੋ ਵਿਸ਼ਵ ਭਰ ਦੇ ਲੋਕਾਂ ਨੂੰ ਆਪਸ ਵਿਚ ਜੋੜਦਾ ਹੈ। ਤੁਹਾਨੂੰ ਜੀਣ ਲਈ ਪ੍ਰੇਰਨਾ ਦੇਂਦਾ ਹੈ। ਇਕ ਵਿਸ਼ਵਾਸ ਦੇਂਦਾ ਹੈ। ਇਸ ਸਾਹਿਤਕਾਰ ਜੋੜੇ ਨੂੰ ਮਿਲਕੇ ਖੁਸ਼ੀ ਹੋਈ ਹੈ।

o 'ਵਤਨੋਂ ਦੂਰ' ਵਾਲਿਆਂ ਬੁਲਾਇਆ ਹੈ। ਕੈਨੇਡਾ ਵਿਚੋਂ ਨਿਕਲਦਾ ਇਹ ਸਾਹਿਤਕ ਪੱਤਰ ਕਿੰਨੇ ਹੀ ਸਾਲਾਂ ਤੋਂ ਕੈਨੇਡਾ ਅਤੇ ਪੰਜਾਬ ਦੇ ਸਾਹਿਤਕਾਰਾਂ ਨੂੰ ਆਪਸ ਵਿਚ ਜੋੜਿਆ ਹੋਇਆ ਹੈ। ਸੁਰਿੰਦਰ ਧਜਲ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸਾਧੂ ਸੁਖਿੰਦਰ, ਅਮਰਜੀਤ ਚਹਿਲ ਸੁਖਵੰਤ ਹੁੰਦਲ, ਸਾਰੇ ਹੀ ਸਾਹਿਤਕਾਰ ਵਤਨੋਂ ਦੂਰ ਵਿਚ ਲਿਖਦੇ ਹਨ। ਵਤਨੋਂ ਦੂਰ ਬੈਠੇ ਇਹਨਾਂ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੈ। ਵਤਨੋਂ ਦੂਰ ਦੀਆਂ ਪਿਛਲੀਆਂ ਫਾਈਲਾਂ ਮੇਜ਼ ਤੇ ਪਈਆਂ ਹਨ। ਇਕ ਨਜ਼ਰ ਵੇਖਦਿਆਂ ਹੀ ਬੇਹਤਰੀਨ ਪੰਜਾਬੀ ਸਾਹਿਤ ਦੀਆਂ ਵੰਨਗੀਆਂ ਮਿਲਦੀਆਂ ਹਨ, ਜਿੰਨਾਂ ਵਿਚ ਅਧੁਨਿਕ ਸਾਹਿਤ ਦੀਆਂ ਸਾਰੀਆਂ ਵਿਸ਼ੇਸ਼-ਤਾਈਆਂ ਹਨ। ਕਵਿਤਾਵਾਂ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ 'ਕੈਨੇਡਾ ਦੀ ਕਵਿਤਾ' ਵਿਚ ਮਿਲਦੀਆਂ ਹਨ। ਇਸ ਵਿਚ ਯਥਾਰਥ ਸਮਾਜਕ ਚੇਤਨਤਾ, ਚਣੌਤੀ 'ਵਿਸ਼ਵਾਸ ਦੀ ਸੁਰ' ਹੈ।

**ਯਥਾਰਥ**

ਸੁਤੰਤਰਤਾ ?
ਸੁਤੰਤਰਤਾ ਕੀ ?
ਸੁਤੰਤਰਤਾ ਕੀ ਜੀਭ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ ? ਕਦੋਂ ਮਿਲੀ
ਸੁਤੰਤਰਤਾ ਕੀ ਜੀਭ ਦੀ, ਕਲਮ ਦੀ ? ਕਦੋਂ ਮਿਲੀ
ਜੇ ਮਿਲੀ
ਤਾਂ ਗੰਦੇ ਨਾਲੇ ਦੇ ਪੁਤ ਹੇਠ ਜੰਮੇ ਪੁਲ ਹੇਠ
ਬੁਢੇ ਹੋਏ ਰਾਮੂ ਨੂੰ ਕੀ।

'ਅਜਮੇਰ ਰੋਡੇ'

**ਇਕ ਹੋਰ ਯਥਾਰਥ !**

ਤੇਰਾ ਖ਼ਤ ਆਇਆ
ਤੂੰ ਵੀ ਚ ਹੁੰਦਾ ਉਡਾਰੀ ਲਾਉਣੀ
ਤੇਰੇ ਸੁਪਨਿਆਂ ਵਿਚ ਵੀ
ਸੋਨੇ ਦੇ ਵਾਲਾਂ ਵਾਲੀ
ਅੱਗੇ ਚਲਕੇ ਤੂੰ ਲਿਖਿਆ
ਯਾਰ !
ਇਥੇ ਤਾਂ ਜੀਣ ਦਾ ਕੋਈ ਹੱਜ ਨਹੀਂ।
ਪਹਿਲਾਂ ਜੋ ਹੁੰਦੀਆਂ ਸੀ
ਛੋਟੀਆਂ ਛੋਟੀਆਂ ਜ਼ਹਿਰੀ ਬੂਟੀਆਂ
ਹੁਣ ਉਹ ਬਣ ਗਈਆਂ ਨੇ
ਖੇਤਾਂ ਵਿਚ ਬੜੇ ਬੜੇ ਛੋਰ ਵਾਲੇ ਬਿਰਖ...
ਦੋਸਤਾ ਪਰ
ਤੂੰ ਕਿਉਂ ਨਹੀਂ ਸਮਝਦਾ
ਉਹ ਸੋਨੇ ਦੇ ਕੇਸਾਂ ਵਾਲੀ

ਇਥੇ ਵੀ ਇਨ੍ਹਾਂ ਬਿਰਖਾਂ ਦੀ ਛਾਂ ਹੇਠ ਸਿਸਕ ਰਹੀ ਹੈ
ਇਕ ਵਾਰ ਮੁਹਿੰਮ ਚੱਲੀ ਸੀ
ਵੱਢ ਘੱਤੀ ਸੀ ਉਨ੍ਹਾਂ
ਖੇਤਾਂ ਵਿਚਲੀ ਸਾਰੀ ਪੋਹਲੀ।
ਤੇਰੀ ਇਕ ਮਹਾਂਦੀਪ ਤੋਂ
ਦੂਜੇ ਤਕ ਦੀ ਉਡਾਰੀ
ਉਨ੍ਹਾਂ ਚਿਰ ਕੁਝ ਨਹੀਂ ਸੁਆਰ ਸਕਦੀ
ਜਦ ਤਕ ਉਹ ਜੰਡ ਨਹੀਂ ਵੱਢਿਆ ਜਾਂਦਾ
ਜਿਥੇ ਅੱਜ ਵੀ ਮਿਰਜ਼ੇ ਦੀ ਅੱਖ ਲੱਗ ਜਾਂਦੀ ਹੈ।

'ਅਮਰਜੀਤ ਚਾਹਲ—ਤੇਰਾ ਖਤ'

## ਸਮਾਜਕ ਚੇਤਨਤਾ

ਚਲੋ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ
ਜਿਸਦੀ ਸੱਠ ਹਾੜੀਆਂ ਉਮਰ
ਗਹਿਣੇ ਟਿਕੀ ਪੈਲੀ ਵਾਂਗ ਗੁਜ਼ਰੀ ਹੈ
ਜ਼ਿੰਦਗੀ ਦੀ ਗੇਂਦ
ਉਹਦੇ ਅਗਾੜੀ ਪੌੜੀਆਂ ਉਤਰਦੀ ਗਈ
ਤੇ ਉਸਦਾ ਪਿੱਛਾਂ ਕਰਦਾ ਕਰਦਾ
ਉਹ ਬਹੁਤ ਡੂੰਘਾ ਗਰਕਦਾ ਗਿਆ
ਰਿਸ਼ਵਤ ਦੇ ਮੋਰਾਂ ਤੋਂ ਉਭਰਿਆ
ਸਰਕਾਰੀ ਕਰਜ਼ਿਆਂ ਦਾ ਜਲਾਦ
ਉਸਦੇ ਅਲਗੋਜ਼ਿਆਂ ਦੀ ਧੂਣੀ ਸੇਕਦਾ ਰਿਹਾ
ਤੇ ਉਸਦੇ ਗੀਤਾਂ ਦੀਆਂ ਤਿੱਤਲੀਆਂ ਦੇ ਖੰਭ
ਉਡੂੰ ਉਡੂੰ ਕਰਦੇ ਹੀ ਪਥਰਾ ਗਏ
ਸੰਗੀਤ ਉਸਨੂੰ ਮਸ਼ਕਰੀ ਤੋਂ ਵੱਧ
ਕੁਝ ਵੀ ਨਾ ਕਰ ਸਕਿਆ।
.........
ਬਹੁਤ ਵਾਰੀ ਝੰਡਿਆਂ ਦੀਆਂ ਜੰਗਾਲੀ ਬਰੰਜੀਆਂ
ਉਹਦੀ ਖੋਪੜੀ 'ਚ ਖੁਭੀਆਂ
ਚੋਣ ਨਿਸ਼ਾਨਾਂ ਦੀ ਭੀੜ
ਉਹਦੀਆਂ ਅੱਖਾਂ ਉਤੇ ਗੜੇ ਮਾਰ ਕਰਦੀ ਰਹੀ
ਤੇ ਪੰਜ ਪੰਜ ਸਾਲ
ਉਹ ਜਿਸਮ ਦੇ ਚਿਪਕੇ ਇਸ਼ਤਿਹਾਰਾਂ ਨੂੰ ਖਰੋਚਦਾ ਰਿਹਾ
ਤੇ ਝੰਡਿਆਂ ਦੀਆਂ ਮੇਖਾਂ ਪੁੱਟਣ ਲਈ ਖੋਝਲਦਾ ਰਿਹਾ
ਬਿੱਲੀ ਦਾ ਗ਼ੈਰ ਹਾਜ਼ਰ ਪੰਜਾ
ਉਹਦੀ ਘੰਡੀ ਦਾ ਉਭਾਰ ਮਾਪਦਾ ਰਿਹਾ
ਉਂਝ ਇਹ ਦਾਸਤਾਨ ਕਿਸੇ ਦੀ ਵੀ ਹੋ ਸਕਦੀ ਹੈ
ਪਰ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ।

'ਇਕਬਾਲ ਰਾਮੂਵਾਲੀਆ—ਦਾਸਤਾਨ'

## ਚਣੌਤੀ

ਸਾਡੇ ਬਾਰੇ ਤਾਂ ਤੁਸੀਂ ਅਕਸਰ
ਕੁਝ ਨਾ ਕੁਝ ਫਰਮਾਉਂਦੇ ਹੀ ਰਹਿੰਦੇ ਹੋ...
ਆਓ ਹੁਣ ਦੋ ਤਰਫੀ ਗੱਲ ਕਰੀਏ
ਜਾਂ ਇੰਝ ਕਹਿ ਲਵੋ
ਤੁਹਾਡੇ ਬਾਰੇ ਅਸੀਂ ਵੀ ਕੁਝ 'ਫਰਮਾਉਣਾ' ਚਾਹੁੰਦੇ ਹਾਂ
ਤੁਸੀਂ ਦਸਦੇ ਹੋ ਅਸਲੀ ਬਦਲ ਨਹੀਂ ਸਕਦੇ
ਪਰ ਕਿੰਨਾ ਅਸੀਂ ਪਿਛੋਂ ਤੁਰਕੇ
ਵੈਨਕੂਵਰ ਤੱਕ ਬਦਲ ਜਾਂਦੇ ਹਾਂ
ਤੁਸੀਂ ਤਿੰਨਾ ਸਦੀਆਂ 'ਚ ਨਹੀਂ ਬਦਲੇ।
ਸਾਡੀਆਂ ਸਾੜ੍ਹੀਆਂ ਸਲਵਾਰਾਂ
ਤੁਹਾਡੇ ਮਾਂਗਵੇਂ ਸਭਿਆਚਾਰ ਦੇ
ਮੇਚ ਨਹੀਂ ਆਉਂਦੀਆਂ
ਪਰ ਕੀ ਤੁਸੀਂ 'ਟੀ ਪੀ' 'ਚ ਵੜਕੇ
ਸਿਰ 'ਤੇ ਖੰਭ ਲਾਏ ਸਨ ?
ਮੀਂਹ ਵਰਾਉਣ ਲਈ ਨਾਚ ਕੀਤਾ ਸੀ ?...
ਅਸੀਂ ਜੋ ਹੱਥਾਂ ਦੀ ਕਿਰਤ ਕਰਨ ਵਾਲੇ ਹਾਂ
ਘੜਦੇ ਹਾਂ, ਦੁਨੀਆਂ ਦਾ ਹਰ ਅਜੂਬਾ
ਤੁਹਾਥੋਂ ਕੋਈ ਖੈਰ ਨਹੀਂ ਮੰਗਦੇ
ਭਾਵੇਂ ਛੱਡ ਆਏ ਹਾਂ, ਉਹ ਹਲ ਪੰਜਾਲੀਆਂ
ਪਰ ਫੇਰ ਵੀ...
ਲੰਚ ਵੇਲੇ ਕਬੱਡੀ ਖੇਡਦੇ ਮੁੰਡਿਆਂ ਦੀ ਗੱਲਬਾਤ
ਤੁਹਾਡੇ ਟੀ.ਵੀ. ਪ੍ਰੋਗਰਾਮਾਂ ਤੋਂ ਕਿਤੇ ਦਿਲਕਸ਼ ਹੁੰਦੀ ਹੈ।
.........

ਤੁਸੀਂ ਜੋ ਦੇਕੇ ਸਾਨੂੰ
ਫਰਸ਼ ਸਾਫ ਕਰਨ ਦਾ
ਬੇਰੀ ਤੋੜਣ ਦਾ, ਫੱਟੇ ਖਿੱਚਣ ਦਾ
ਟੈਕਸੀ ਵਾਹੁਣ ਦਾ ਤੇ ਭਾਂਡੇ ਧੋਣ ਦਾ ਕੰਮ
ਸਾਡਾ ਲਾਹ ਕੇ ਪੂਰੀ ਤਰ੍ਹਾਂ ਚੰਮ
ਸਾਡੇ ਥੱਕੇ ਹੋਏ ਕੰਨਾਂ ਵਿਚ ਗਜਾਉਂਦੇ ਹੋ
ਅਹਿਸਾਨ ਦੀ ਬੀਨ
ਜਾਓ ! ਕਿਸੇ ਛੱਪੜ 'ਚ ਮੂੰਹ ਧੋਕੇ ਆਓ।
ਕੀ ਹੋਇਆ ਅਸੀਂ
ਅਜੇ ਬੇਖਬਰ ਹਾਂ ਆਪਣੇ ਹੱਕਾਂ ਤੋਂ
ਦੂਜੇ ਕਾਮੇ ਹੱਥਾਂ ਨਾਲ ਮਿਲਕੇ
ਅਜੇ ਉਹ ਮਾਰੂ ਮੁੱਕਾ ਨਹੀਂ ਵੱਟਿਆ
ਜਿਹਨੇ ਤੁਹਾਡਾ ਸਿਰ ਫੇਹਣਾਂ ਹੈ
ਪਰ ਇਹ ਤਾਂ ਤੁਸੀਂ ਵੀ ਜਾਣਦੇ ਹੋ
ਜਿਸ ਦਿਨ ਅਸੀਂ ਆਪਣੇ ਹੱਕ ਪਛਾਣੇ
ਤੇ ਬਾਹਾਂ ਉਲਾਰੀਆਂ
ਤੁਸੀਂ ਤਾਂ ਕੰਨ 'ਚ ਪਾਇਆਂ ਵੀ ਨਹੀਂ ਰੜਕਣਾ
ਕੀ ਹੋਇਆ ਜੇ ਸਾਡੇ ਸਿਰਾਂ ਤੇ ਚੜ੍ਹ—
ਅਜੇ ਦਾਬੂ ਨਾਚ ਕਰਦੇ ਹੋ
ਪਰ ਯਾਦ ਰੱਖੋ ਡਿਗਣਾ ਤੁਸੀਂ ਹੈ ਹਵਾ ਵਿਚੋਂ

ਧਰਤੀ ਉਤੇ ਲੱਗੇ ਜੋ ਪੈਰ, ਉਹ ਸਾਡੇ ਹਨ ।
'ਸਾਧੂ—ਲੰਮੀ ਕਵਿਤਾ ਜਵਾਬ ਵਿਚੋਂ'

## ਹਾਰ ਨੂੰ ਜਿੱਤ ਵਿਚ ਬਦਲਣ ਦਾ ਵਿਸ਼ਵਾਸ

ਤੇ ਹੁਣ
ਜਦੋਂ ਸਮੁੰਦਰੀ ਛੱਲਾਂ ਪਲ ਪਲ ਥੱਲੇ
ਲਹਿ ਰਹੀਆਂ ਹਨ
ਚਲੋ ਯਾਰੋ ! ਆਪਣੇ ਗੁਆਚੇ ਅੰਗ ਲਭਕੇ
ਫਿਰ ਪਰਲੇ ਕੰਢੇ ਵੱਲ ਤੁਰੀਏ
ਕਦੋਂ ਕਲਪਿਆ ਸੀ ਇੰਝ
ਖਿੰਡ ਪੁੰਡ ਜਾਏਗੀ ਕੂੰਜਾਂ ਦੀ ਡਾਰ
ਉਂਗਲੀ ਲੱਗ ਤੁਰਿਆ ਜਾਂਦਾ ਗੁੱਟ
ਹੜੱਪ ਜਾਵੇਗੀ ਕੋਈ ਸ਼ਾਹਕ...
ਕਦੋਂ ਕਲਪਿਆ ਸੀ...
ਜਵਾਰਭਾਟੇ ਸਮੇਂ ਬੜਾ ਹੀ ਕ੍ਰਹਣਾ ਮੌਸਮ ਸੀ
ਅਸਮਾਨ ਛੂੰਹਦੀਆਂ ਮਕਰੀ ਲਾਟਾਂ 'ਚ
ਝੁਲਸੇ ਗਏ ਸੂਰਜ ਤੇ ਕਹਿਕਸ਼ਾਂ...
ਤੇ ਹੁਣ
ਜਦੋਂ ਯਾਦਾਂ ਦੇ ਦਿਸਹੱਦੇ ਨਾਲ ਟਕਰਾਕੇ
ਅਜਨਬੀ ਆਵਾਜ਼ ਪਰਤੀ ਹੈ :
ਜ਼ਿੰਦਗੀ ਇਕ ਸਫਰ ਹੈ ਤੇ ਸਫਰ ਇਕ ਜ਼ਿੰਦਗੀ
ਚਲੋ ਯਾਰੋ ! ਆਪਣੇ ਟੁੱਟੇ ਅੰਗ ਜੋੜਕੇ ਫੇਰ ਤੁਰੀਏ
ਜਿਉਣ ਤੋਂ ਪਹਿਲਾਂ ਇਕ ਵਾਰ ਤਾਂ ਮਰੀਏ
ਹੁਣ ਜਦੋਂ ਸਮੁੰਦਰੀ ਛੱਲਾਂ,
ਪਲ ਪਲ ਥੱਲੇ ਲਹਿ ਰਹੀਆਂ ਹਨ
ਚਲੋ ਯਾਰੋ ! ਅਪਣੇ ਅੰਗ ਲੱਭ ਕੇ
ਫੇਰ ਪਰਲੇ ਕੰਢੇ ਵੱਲ ਤੁਰੀਏ ।
'ਸੁਰਿੰਦਰ ਧੰਜਲ—ਜਵਾਰਭਾਟੇ ਤੋਂ ਬਾਅਦ'

ਵੈਨਕੂਵਰ ਵਿਚ ਪੰਜਾਬੀ ਸਾਹਿਤ ਦੇ ਕਲਚਰ ਦੀ ਗੱਲ ਪਾਲ ਬਿਨਿੰਗ ਦਾ ਨਾਂਅ ਲਏ ਬਗੈਰ ਅਧੂਰੀ ਰਹਿ ਜਾਏਗੀ । ਪੰਜਾਬੀ ਭੰਗੜਾ ਨੂੰ ਇਹਨਾਂ ਨੇ ਇਸ ਇਲਾਕੇ ਵਿਚ ਬੜਾ ਪਾਪੂਲਰ ਕੀਤਾ ਹੈ । ਬੱਚਿਆਂ ਦੀ ਭੰਗੜਾ ਟੀਮ ਵੱਖਰੀ, 13–16 ਸਾਲਾਂ ਦੇ ਵਿਦਿਆਰਥੀਆਂ ਦੀ ਭੰਗੜਾ ਟੀਮ ਵੱਖਰੀ ਤੇ ਨੌਜਵਾਨਾਂ ਦੀ ਭੰਗੜਾ ਟੀਮਾਂ ਵੱਖਰੀਆਂ ਇਹਨਾਂ ਨੇ ਬਣਾਈਆਂ ਹਨ । ਪ੍ਰਦੇਸਾਂ ਵਿਚ ਢੋਲ ਜਾਂ ਢੋਲ ਵਜਾਉਣ ਵਾਲੇ ਦੀ ਥੁੜ ਹਮੇਸ਼ਾ ਹੀ ਮਹਿਸੂਸ ਹੁੰਦੀ ਹੈ ਪਰ ਪਾਲ ਢੋਲ ਆਪ ਵਜਾ ਵੀ ਲੈਂਦੇ ਹਨ ਤੇ ਢੋਲ ਮਨ, ਵੀ ਲੈਂਦੇ ਹਨ, ਪੰਜਾਬੀਆਂ ਦੇ ਇਸ ਹਰਮਨ ਪਿਆਰੇ ਨਾਚ ਨੂੰ ਇਹਨਾਂ ਨੇ ਗੋਰਿਆਂ ਵਿਚ ਵੀ ਪ੍ਰਸਿੱਧ ਕੀਤਾ ਹੈ । ਕੈਨੇਡਾ ਵਿਚ ਵਸਦੀਆਂ ਕੌਮਾਂ ਦੇ ਇਕ ਕੌਮੀ ਪੱਧਰ ਤੇ ਲੋਕ ਨਾਚ ਦੇ ਮੁਕਾਬਲਿਆਂ ਵਿਚ ਭੰਗੜਾ ਨਾਚ ਪਹਿਲੇ ਨੰਬਰ ਤੇ ਆਇਆ ਹੈ । 'ਗਦਰ ਗੂੰਜ' ਨਾਚ ਨਾਟਕ ਵੀ ਇਹਨਾਂ ਨੇ ਭੰਗੜਾ ਸ਼ੈਲੀ ਵਿਚ ਬੜੀ ਸਫ਼ਲਤਾ ਨਾਲ ਖੇਡਿਆ ।

ਪ੍ਰਦੇਸਾਂ ਵਿਚ ਬੈਠੇ ਆਪਣੇ ਲੋਕਾਂ ਦੀਆਂ ਸਾਹਿਤ ਅਤੇ ਸਭਿਆਚਾਰ ਦੀਆਂ ਸਰਗਰਮੀਆਂ ਵੇਖ ਕੇ ਜੀਅ ਖੁਸ਼ ਹੋਇਆ ।

○ ਇਥੇ ਕੈਨਡਾ ਰਹਿੰਦਿਆਂ ਪੰਜਾਬ ਬਾਰੇ ਕੋਈ ਠੀਕ ਖਬਰ ਨਹੀਂ ਮਿਲਦੀ । ਕੈਨੇਡਾ ਵਿਚੋਂ ਨਿਕਲਦੇ ਰੋਜ਼ਾਨਾ ਅਖਬਾਰਾਂ ਵਿਚ ਪੰਜਾਬ ਦੀ, ਹਿੰਦੋਸਤਾਨ ਦੀ ਵੀ ਕੋਈ ਖਬਰ ਨਹੀਂ ਹੁੰਦੀ । ਹਫਤਾਵਾਰੀ ਪੰਜਾਬੀ ਅਖਬਾਰਾਂ ਨਿਕਲਦੀਆਂ ਹਨ,ਜੋ ਹਿੰਦੋਸਤਾਨ ਦੀਆਂ ਅਖਬਾਰਾਂ ਵਿਚੋਂ ਆਪਣੇ ਮਤਲਬ ਦੀਆਂ ਖਬਰਾਂ ਚੁਣਦੀਆਂ ਹਨ ਤੇ ਜਿਸ ਰੰਗ ਵਿਚ ਇਹ ਖਬਰਾਂ ਦਿੱਤੀਆਂ ਜਾਂਦੀਆਂ ਹਨ, ਉਸ ਤੋਂ ਪਤਾ ਨਹੀਂ ਲਗਦਾ ਕਿ ਠੀਕ ਕੀ ਹੈ ਤੇ ਗ਼ਲਤ ਕੀ ਹੈ ? 18 ਮਈ ਇਥੇ ਆਏ । ਪਹਿਲੀ ਮਹੱਤਵਪੂਰਬ ਖਬਰ ਜੋ ਮਿਲੀ ਉਹ ਬੀ. ਬੀ. ਸੀ. ਤੋਂ ਆਈ ਸੀ ਜਿਸ ਅਨੁਸਾਰ ਲੁਧਿਆਨਾ ਖੇਤੀਬਾੜੀ ਯੂਨੀਵਰਸਟੀ ਦੇ ਯੂਥ-ਫੈਲਵੇਅਰ ਦੇ ਡਾਇਰਕਟਰ ਪ੍ਰਿਥੀਪਾਲ ਸਿੰਘ ਦਾ ਕਤਲ ਹੋ ਗਿਆ । ਕੈਨਡਾ ਦੀ ਇਕ ਪੰਜਾਬੀ ਅਖਬਾਰ ਵਿਚ ਜਦੋਂ ਇਹ ਖਬਰ ਲੱਗੀ ਤਾਂ ਨਾਲ ਇਹ ਵੀ ਲਿਖਿਆ ਸੀ ਕਿ ਪ੍ਰਿਥੀਪਾਲ ਸਿੰਘ ਬਾਦਲ ਸਰਕਾਰ ਵਿਚ ਰਹਿ ਚੁਕੇ ਇਕ ਵਜ਼ੀਰ ਤੇ ਖਾਲਿਸ-ਤਾਨੀ ਲੀਡਰ ਸੁਖਜਿੰਦਰ ਸਿੰਘ ਦਾ ਭਤੀਜਾ ਸੀ । ਕੈਨੇਡਾ ਦੀ ਇਹ ਅਖਬਾਰ ਅਪਣੀ ਸੀਮਤ ਜਾਣਕਾਰੀ ਕਰਕੇ ਇਸ ਕਤਲ ਨੂੰ ਖਾਲਿਸਤਾਨ ਦੀ ਲਹਿਰ ਨਾਲ ਜੋੜਦੇ ਹੋਣ ਪਰ ਪੰਜਾਬ ਦੇ ਜਾਣਕਾਰ ਹਲਕੇ ਜਿਹੜੇ ਇਸ ਡਾਇਰਕਟਰ ਦੀਆਂ ਪਿਛਲੇ 8–9 ਸਾਲਾਂ ਤੋਂ ਜਾਣਦੇ ਸਨ, ਉਹ ਸਮਝ ਸਕਦੇ ਸਨ ਕਿ ਇਹ ਕਤਲ ਕਿਉਂ ਹੋਇਆ ?' ਜਦੋਂ ਪੰਜਾਬ ਤੋਂ ਚੱਲੇ ਸਾਂ ਤਾਂ ਖੇਤੀਬਾੜੀ ਯੂਨੀਵਰਸਟੀ ਦੇ ਹਰਮਨ ਪਿਆਰੇ ਵਿਦਿਆਰਥੀ ਪਿਆਰਾ ਸਿੰਘ ਚਾਹਲ ਦੇ ਹੱਥੋਂ ਕੱਤਲ ਹੋਣ ਦੀ ਖਬਰ ਨੇ ਬੜਾ ਉਦਾਸ ਕੀਤਾ ਸੀ । 21 ਅਪ੍ਰੈਲ ਹੋਸਟਲ 'ਚ ਆ ਕੇ ਗੁੰਡਿਆਂ ਨੇ ਪਿਆਰਾ ਸਿੰਘ ਚਾਹਲ ਨੂੰ ਗਿਆਰਾਂ ਗੋਲੀਆਂ ਮਾਰੀਆਂ ਸਨ ਤੇ ਉਹ ਦੱਸ ਦਿਨ ਜ਼ਿੰਦਗੀ ਤੇ ਮੌਤ ਦਰਮਿਆਨ ਘੋਲ ਕਰਦਾ ਚਲਾਣਾ ਕਰ ਗਿਆ ਸੀ । ਵਿਦਿਆਰਥੀਆਂ ਵਿਚ ਆਮ ਚਰਚਾ ਸੀ ਕਿ ਯੂਥ ਵੈਲਫੇਅਰ ਡਾਇਰਕਟਰ ਪ੍ਰਿਥੀਪਾਲ ਸਿੰਘ ਦੀ

[ਬਾਕੀ ਦੇਖੋ ਸਫਾ 31]

ਕਹਾਣੀ

# ਨੇਰ੍ਹੇ ਦਾ ਸਫ਼ਰ

ਗੁਰਨਾਮ ਸਿੰਘ

ਪਾਰਟੀ ਦੇ ਮੁਖੀ ਕਾਰਕੂੰਨਾਂ ਦੀ ਮੀਟਿੰਗ ਹੋ ਰਹੀ ਸੀ। ਛੋਟੀਆਂ ਇਕਾਈਆਂ ਦੇ ਕਾਰਕੂੰਨਾਂ ਨੂੰ ਇਸ ਕੰਮ ਦੇ ਯੋਗ ਨਾ ਸਮਝਦਿਆਂ ਬੁਲਾਇਆ ਨਹੀਂ ਸੀ ਗਿਆ। ਕਈ ਮਹੱਤਵਪੂਰਨ ਮਸਲੇ ਵਿਚਾਰੇ ਜਾਣ ਉਪਰੰਤ, ਮੀਟਿੰਗ ਦੇ ਸਕੱਤਰ ਨੇ, ਚਮਿਆਰਾਂ ਦੀ, ਸ਼ਹਿਰ ਦੇ ਬਾਹਰ ਬਾਹਰ ਪੈਂਦੀ ਉਸ ਵੱਡੀ ਬਸਤੀ ਵੱਲ ਇਸ਼ਾਰਾ ਕਰਦਿਆਂ ਦੱਸਿਆ ਕਿ ਇਸ ਬਸਤੀ ਦੇ ਬਹੁਤੇ ਬੰਦੇ ਖੱਲਾਂ ਲਾਹੁਣ, ਖੱਲਾਂ ਠੀਕ ਕਰਨ ਅਤੇ ਮਰੇ ਪਸ਼ੂਆਂ ਦੇ ਹੱਡ ਬਾਹਰੋਂ ਲਿਆ ਕੇ ਕਾਰਖਾਨਿਆਂ ਵਿੱਚ ਭੇਜਣ ਦਾ ਕੰਮ ਕਰਦੇ ਹਨ। ਤੁਸੀਂ ਦੇਖਿਆ ਹੋਣੈ ਕਿ ਉਸ ਥਾਂ 'ਤੇ ਕੱਚੀਆਂ ਖੱਲਾਂ ਤੇ ਹੱਡਾਂ ਦੇ ਢੇਰ ਲੱਗੇ ਰਹਿੰਦੇ ਹਨ। ਉਹ ਲੋਕੀ ਏਨੀਂ ਸਖਤ ਮੇਹਨਤ ਕਰਦੇ ਜਿਸਦਾ ਕੋਈ ਅੰਤ ਹਿਸਾਬ ਨਹੀਂ। ਕੀ ਬੱਚੇ ਕੀ ਬੁੱਢੇ, ਕੀ ਜਵਾਨ, ਕੀ ਔਰਤਾਂ ਸਵੇਰ ਤੋਂ ਸ਼ਾਮ ਤੀਕ ਏਸੇ ਕੰਮ ਵਿੱਚ ਜੁਟੇ ਰਹਿੰਦੇ ਹਨ। ਪਰ ਜਿਵੇਂ ਬਾਕੀ ਸਾਰੇ ਵੀ ਇਹੋ ਹਾਲ ਹੈ ਏਥੇ ਵੀ ਲੋਕਾਂ ਨੂੰ ਨਾ ਪੂਰੀ ਰੋਟੀ ਮਿਲਦੀ ਹੈ, ਨਾ ਤਨ ਢਕਣ ਜੋਗਾ ਕੱਪੜਾ ਤੇ ਨਾ ਰਹਿਣ ਜੋਗਾ ਮਕਾਨ। ਹੋਰ ਸਹੂਲਤਾਂ ਤਾਂ ਉੱਕਾ ਹੀ ਨਹੀਂ ਹਨ ਪਰ ਉਥੇ ਕੁੱਝ ਬੰਦੇ ਹਨ ਜੋ ਆਪਣੇ ਨਾਲ ਸਹਿਮਤੀ ਰੱਖਦੇ ਹਨ। 'ਤੇ ਕੁੱਝ ਕਰਨ ਦੀ ਇੱਛਾ ਰੱਖਦੇ ਹਨ। ਇਹੋ ਜਿਹੀ ਘੋਰ ਨਰਕ ਦੀ ਜ਼ਿੰਦਗੀ ਤੋਂ ਉਹ ਛੁਟਕਾਰਾ ਚਾਹੁੰਦੇ ਹਨ। ਉਹ ਕਈ ਵਾਰ ਮੇਰੇ ਨਾਲ ਮਸ਼ਵਰਾ ਕਰ ਚੁੱਕੇ ਹਨ ਕਿ ਅਸੀਂ ਉਹਨਾਂ ਵਿਚਕਾਰ ਆਪਣਾ ਕੋਈ ਬੰਦਾ ਭੇਜੀਏ ਜੋ ਉਹਨਾਂ ਲੋਕਾਂ ਨੂੰ ਪਰੇਰ ਕੇ ਸਹੀ ਰਾਹ ਤੇ ਲਿਆ ਸਕੇ। ਮਜ਼ਦੂਰ ਜਮਾਤ ਵਿੱਚ ਇਹ ਲੋਕ ਅਹਿਮ ਥਾਂ ਰੱਖਦੇ ਹਨ। ਇਹ ਗੱਲ ਅਸੀਂ ਸਾਰੇ ਚੰਗੀ ਤਰ੍ਹਾਂ ਸਮਝਦੇ ਹਾਂ। ਅੱਜ ਦੀ ਮੀਟਿੰਗ ਵਿੱਚ ਮੈਂ ਇਹ ਮਾਮਲਾ ਤੁਹਾਡੇ ਸਾਹਮਣੇ ਰੱਖਦਾ ਹਾਂ। ਤੁਸੀਂ ਸਾਰੇ ਸੂਝਵਾਨ ਕਾਰਕੂੰਨ ਹੋ ਤੇ ਆਪਣੀਆਂ ਵੱਡੀਆਂ ਇਕਾਈ ਦੇ ਮੁਖੀ ਹੋ। ਮੈਂ ਸਮਝਦਾ ਹਾਂ ਕਿ ਕੋਈ ਇਕ ਬੰਦਾ ਇਸ ਬਸਤੀ ਦਾ ਕੰਮ ਸੰਭਾਲੇ। 'ਤੇ ਮਜ਼ਦੂਰਾਂ ਨੂੰ ਉਹਨਾਂ ਦੇ ਹੱਕਾਂ ਤੋਂ ਜਾਣੂ ਕਰਵਾਏ ਤਾਂ ਜੋ ਉਹ ਘੋਲ ਦੇ ਰਾਹ ਪੈ ਸਕਣ। ਤਾਂ ਹੀ ਅਸੀਂ ਆਪਣੇ ਮੰਤਵ ਨੂੰ ਹਾਸਲ ਕਰ ਸਕਾਂਗੇ। ਹਾਂ—ਤਾਂ ਦੱਸੋ, ਕਿ ਕਿਹੜਾ ਬੰਦਾ ਆਪਣੇ ਆਪ ਨੂੰ ਇਸ ਕੰਮ ਲਈ ਤਿਆਰ ਕਰਦਾ ਹੈ ?

ਸਕੱਤਰ ਦੀ ਗੱਲ ਸੁਣ ਕੇ ਸਾਰੇ ਕਾਰਕੂੰਨਾਂ ਨੇ ਨੀਵੀਆਂ ਪਾ ਲਈਆਂ। ਸ਼ਾਇਦ ਉਹ ਡੂੰਘਾਈ ਨਾਲ ਸੋਚਣ ਲੱਗ ਪਏ ਸਨ।

'ਬਜਾਏ ਏਸ ਦੇ ਕਿ ਆਪਣੇ ਆਪ ਨੂੰ ਹਾਜ਼ਰ ਕਰੀਏ, ਸਕੱਤਰ ਅਤੇ ਪ੍ਰਧਾਨ ਸੋਚ ਕੇ, ਕਿਸੇ ਨੂੰ ਵੀ ਇਹ ਕੰਮ ਸੌਂਪ ਦੇਣ। ਇਹ ਅੱਛਾ ਰਹੇਗਾ।' ਲੰਬੀ ਚੁੱਪ ਤੋਂ ਬਾਦ ਇਕ ਕਾਰਕੂੰਨ ਨੇ ਕਿਹਾ।

'ਹਾਂ ਸਾਨੂੰ ਇਹ ਗੱਲ ਜ਼ਿਆਦਾ ਵਜ਼ਨਦਾਰ ਲਗਦੀ ਹੈ।' ਸਾਰਿਆਂ ਨੇ ਤਕਰੀਬਨ ਰਲਕੇ ਕਿਹਾ। ਕਿਉਂਕਿ ਥੱਲੜੀ ਇਕਾਈ ਨੇ ਉਪਰਲੀ ਇਕਾਈ ਦੇ ਹੁਕਮ ਦੀ ਪਾਲਣਾ ਕਰਨੀ ਹੁੰਦੀ ਹੈ। ਇਸ ਲਈ ਸਕੱਤਰ ਅਤੇ ਪ੍ਰਧਾਨ ਦੇ ਫੈਸਲੇ ਨੂੰ ਅੰਤਮ ਅਧਿਕਾਰ ਦੇ ਦਿੱਤਾ ਗਿਆ।

ਕੁਝ ਮਿੰਟਾਂ ਲਈ ਦੋਹਾਂ ਕਾਰਕੂੰਨਾਂ ਵਿਚਕਾਰ ਗੁਪਤ ਗੂ ਚਲਦੀ ਰਹੀ ਤੇ ਫਿਰ ਸਕੱਤਰ ਆਪਣੀ ਥਾਂ ਖਲੋਤਾ। ਤੇ ਕਹਿਣ ਲੱਗਾ।

'ਹਾਂ ਵੀਰ, ਅਸੀਂ ਇਹ ਫੈਸਲਾ ਕੀਤਾ ਹੈ ਕਿ ਅਜੀਤ ਬਰਾੜ ਇਹ ਕੰਮ ਆਪਣੇ ਜ਼ਿੰਮੇਂ ਲੈਣਗੇ। ਅਤੇ ਉਸ ਥਾਂ ਉਸਦੀ ਮੁੱਢਲੀ ਇਕਾਈ ਵਿੱਚ, ਕੋਈ ਨਵਾਂ ਬੰਦਾ ਨਿਯੁਕਤ ਕੀਤਾ ਜਾਵੇਗਾ।

ਇਸ ਬਸਤੀ ਦੇ ਨਿਰੋਲ ਅਨਪੜ੍ਹ ਲੋਕਾਂ ਨੂੰ ਸੂਝਵਾਨ ਬਣਾਉਣ ਲਈ, ਕਾਫੀ ਲੰਬੇ ਸਮੇਂ ਦੀ ਜ਼ਰੂਰਤ ਹੈ। ਇਸ ਲਈ ਬਰਾੜ ਨੂੰ ਦੋ ਸਾਲ ਲਈ ਇਸ ਬਸਤੀ ਵਿੱਚ ਨਿਯੁਕਤ ਕੀਤਾ ਜਾਂਦਾ ਹੈ। ਉਹ ਇਸ ਸਮੇਂ ਵਿੱਚ ਕਿਸੇ ਹੋਰ ਨਾਂ ਹੇਠ ਅਤੇ ਗੁਪਤ ਰਹਿ ਕੇ ਕੰਮ ਕਰਨਗੇ।'

'ਪਾਰਟੀ ਦਾ ਫੈਸਲਾ ਸਿਰ ਮੱਥੇ ਪਰ ਇਹ ਕੰਮ ਕਿਸ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ—ਇਸ ਬਾਰੇ ਸਾਰੇ ਸਾਥੀਆਂ ਵੱਲੋਂ ਸਾਂਝੀ ਵਿਚਾਰ ਹੋਣੀ ਚਾਹੀਦੀ ਹੈ।

'ਸਭ ਤੋਂ ਬੁਨਿਆਦੀ ਗੱਲ ਤਾਂ ਇਹ ਹੈ ਕਿ ਬਰਾੜ ਸਾਹਿਬ ਤੁਹਾਨੂੰ ਉਸ ਬਸਤੀ ਵਿੱਚ ਉਹਨਾਂ ਦੇ ਹਾਲਤਾਂ ਅਨੁਸਾਰ ਰਹਿਣਾ ਪਵੇਗਾ। ਉਹਨਾਂ ਵਰਗੇ ਬਣਕੇ, ਉਹਨਾਂ ਨਾਲ ਰਹਿ ਕੇ, ਉਹਨਾਂ ਵਾਲਾ ਕੰਮ ਕਰਨਾ ਪਵੇਗਾ। ਤਾਂ ਹੀ ਤੁਸੀਂ ਉਹਨਾਂ ਦੇ ਅਸਲ ਹਾਲਤਾਂ ਤੋਂ ਜਾਣੂ ਹੋ ਸਕੋਗੇ ਤੇ ਕੋਈ ਸੇਧ ਦੇ ਸਕੋਗੇ।' ਪ੍ਰਧਾਨ ਨੇ ਸਾਰੀ ਗੱਲ ਸਪਸ਼ਟ ਕਰ ਦਿੱਤੀ।

'ਜੀ।'

ਇਸ ਕੰਮ ਲਈ ਵੱਡੀ ਕੁਰਬਾਨੀ ਕਰਨੀ ਪਵੇਗੀ।'

'ਕੁਰਬਾਨੀਆਂ ਤਾਂ ਮਨੁੱਖ ਕਰਦਾ ਆਇਆ ਹੈ। ਇਸਨੇ ਕਰਦੇ ਜਾਣੈ...ਸਾਰਾ ਮਨੁੱਖੀ ਇਤਿਹਾਸ ਗਵਾਹ

ਹੈ।' ਬਰਾੜ ਨੇ ਧੀਰਜ ਨਾਲ ਕਿਹਾ। ਪਰ ਉਸ ਦਾ ਮੱਥਾ ਤਣਿਆ ਹੋਇਆ ਸਾਫ਼ ਦਿਖਾਈ ਦੇ ਰਿਹਾ ਸੀ।

'ਤਾਂ ਫਿਰ ਇਹ ਕੰਮ ਅੱਜ ਤੋਂ ਸੰਭਾਲ ਲਿਆ ਜਾਵੇ। ਮੈਂ ਆਪ ਤੁਹਾਡੇ ਨਾਲ ਜਾਕੇ, ਕੁੱਝ ਖਾਸ ਆਦਮੀਆਂ ਨਾਲ ਮੁਲਾਕਾਤ ਕਰਵਾ ਆਵਾਂਗਾ।' ਸਕੱਤਰ ਨੇ ਇਹ ਆਖਦਿਆਂ ਅੱਜ ਦੀ ਮੀਟਿੰਗ ਬਰਖਾਸਤ ਕਰ ਦਿੱਤੀ।

ਬਰਾੜ ਜਿਹੜਾ ਹੁਣ ਤੀਕ ਪਿੰਡਾਂ ਦੇ ਜ਼ਿਮੀਦਾਰਾਂ ਜਾਂ ਦਿਹਾੜੀਦਾਰਾਂ ਵਿੱਚ ਕੰਮ ਕਰਨ ਆਇਆ ਸੀ ਉਸਨੂੰ ਸ਼ਹਿਰ ਦੀ ਕਿਸੇ ਚੁਮਾਰ ਬਸਤੀ 'ਚ ਕੰਮ ਕਰਨ 'ਚ ਘਬਰਾਹਟ ਮੈਸੂਸ ਹੋ ਰਹੀ ਸੀ। ਇਥੋਂ ਦੇ ਲੋਕਾਂ ਦਾ ਜਿਉਣੰ ਢੰਗ ਪਿੰਡ ਦੇ ਲੋਕਾਂ ਨਾਲ ਬਹੁਤ ਵੱਖਰੀ ਕਿਸਮ ਦਾ ਸੀ। ਉਹ ਸੋਚ ਰਿਹਾ ਸੀ ਕਿ ਉਸ ਨੂੰ ਨਵੇਂ ਸਿਰਿਉਂ-ਬਿਉਂਤ ਬੰਦੀ ਕਰਨੀ ਪਵੇਗੀ। ਬਸਤੀ ਦੇ ਖਾਸ ਬੰਦਿਆਂ ਨੂੰ ਉਹ 'ਤੇ ਸੂਬਾ ਸੰਕੱਤਰ ਰਾਤੀਂ ਮਿਲ ਗਏ ਸਨ। ਸ਼ਾਇਦ ਉਹਨਾਂ ਨੇ ਉਸ ਲਈ ਰਹਿਣ ਦਾ ਪ੍ਰਬੰਧ ਕਰ ਦਿੱਤਾ ਹੋਵੇਗਾ। ਕਿਤਾਬਾਂ ਨਾਲ ਭਰਿਆ ਵੱਡਾ ਝੋਲਾ ਚੁੱਕੀ, ਉਹ ਬਸਤੀ ਨੂੰ ਲੰਘਦਾ ਗਿਆ। ਉਹ ਬਸਤੀ ਜੋ ਕਾਫੀ ਲੰਬੀ ਚੌੜੀ ਸੀ। ਜਿਸਦੀ ਅਬਾਦੀ ਸੰਘਣੀ ਸੀ। ਜਿਉਂ ਜਿਉਂ ਉਹ ਅੱਗੇ ਵਧਦਾ ਜਾ ਰਿਹਾ ਸੀ ਚਮੜੇ ਦੀ ਬਦਬੋਅ ਵੀ ਵਧਦੀ ਜਾ ਰਹੀ ਸੀ। ਉਹ ਲੰਬੇ ਸਾਹ ਕਰਦਾ ਹੋਇਆ ਜਿਵੇਂ ਬੋਅ ਨੂੰ ਬਾਹਰ ਧੱਕਣ ਦਾ ਯਤਨ ਕਰ ਰਿਹਾ ਸੀ। ਪਰ ਬੋਅ ਸੀ ਜਿਹੜੀ ਧੁੱਸ ਦੇਈ ਅੰਦਰ ਨੂੰ ਵੜੀ ਜਾ ਰਹੀ ਸੀ। 'ਤੇ ਲਗਾਤਾਰ ਵੱਧਦੀ ਜਾ ਰਹੀ ਸੀ। ਬਸਤੀ ਦੇ ਵਿਚਕਾਰ ਪਹੁੰਚਣ 'ਤੇ ਉਸ ਨੇ ਵੇਖਿਆ ਕਿ ਦੂਰ ਦੂਰ ਤੀਕ ਹੱਡਾਂ ਦੇ ਢੇਰ ਪਏ ਹਨ। ਢੇਰੀ ਵਿੱਚ, ਗਾਈਆਂ, ਮੱਝਾਂ, ਊਠਾਂ, ਬਲਦਾਂ, ਕੱਟਿਆਂ, ਵੱਛਿਆਂ ਦੇ ਅਨੇਕ ਸਿਰ, ਮਾਸ ਰਹਿਤ ਦਿਖਾਈ ਦਿੱਤੇ।

'ਬਾਬੂ ਜੀ ਕਿਸਨੂੰ ਮਿਲਣੈਂ? ਤੁਸੀਂ ਐਨ ਸਪਿੱਟਰ ਤਾਂ ਨ੍ਹੀ?'

ਬਰਾੜ ਨੇ ਮੁੜ ਕੇ ਵੇਖਿਆ, ਉਸਦੇ ਕੋਲ ਇੱਕ ਅਸਲੋਂ ਬਜ਼ੁਰਗ ਖੜੋਤਾ ਸੀ ਜਿਸਦੀ ਸ਼ਕਲ ਬਿਜਲੀ ਦੇ ਖੰਭੇ ਨਾਲ ਲਟਕਦੇ ਖਤਰੇ ਵਾਲੇ ਫੱਟੇ ਤੇ ਬਣੀ ਫੋਟੋ ਵਰਗੀ ਸੀ, ਤੇ ਜਿਸਦੇ ਕਪੜੇ ਜਿਵੇਂ ਅਣਧੋਤੀ ਖੱਲ ਦੇ ਬਣੇ ਹੋਣ। ਉਤੇ ਲਿਆ ਖੇਸ ਵੀ ਜਿਵੇਂ ਖੱਲ ਹੀ ਹੋਵੇ। ਪੈਰੀਂ ਟੁੱਟੀਆਂ ਜਿਹੀਆਂ, ਥਾਂ ਥਾਂ ਤੋਂ ਗੰਢੀਆਂ ਚੱਪਲਾਂ ਪਾਈ ਉਹ ਠੁਰ ਠੁਰ ਕਰੀ ਜਾ ਰਿਹਾ ਸੀ।

'ਨਹੀਂ ਬਾਬਾ ਜੀ, ਮੈਂ ਇਨਸਪੈਕਟਰ ਨਹੀਂ, ਮੈਂ ਏਥੇ ਇੱਕ ਜ਼ਰੂਰੀ ਕੰਮ ਆਇਆਂ...ਚੂੜ੍ਹ ਰਾਮ ਨੂੰ ਮਿਲਣੈ...ਜੇ ਉਹ ਏਥੇ ਨੇੜੇ ਤੇੜੇ ਕਿਤੇ ਹੈ 'ਤਾਂ ਉਸ ਨੂੰ ਬੁਲਾ ਦਿਉ ਕਹਿਓ ਰਾਤ ਵਾਲਾ ਆਦਮੀ ਮਿਲਣ ਆਇਐ।'

"ਅੱਛਾ-ਅੱਛਾ ਸਰਦਾਰ ਜੀ—ਮੈਂ ਸਿਰ ਮੁੰਨਿਆ ਵੇਖ ਕੇ ਬਾਬੂ ਜੀ ਕਹਿ ਬੈਠਾ, ਗਲਤੀ ਮੁਆਫ ਕਰਿਓ ਸਰਦਾਰ ਜੀ—ਮੈਂ ਹੁਣੇ ਲਿਆਇਆ ਚੂੜ੍ਹ ਰਾਮ ਨੂੰ ਔਥੇ ਹਾੜੇ 'ਚ ਖੱਲਾਂ ਠੀਕ ਕਰਦਾ ਹੋਣੈਂ।.. ਉਂਜ ਮੈਨੂੰ ਉਹੋ ਥੋੜੀ ਬਿੜਕ ਰੱਖਣ ਲਈ ਕੌਹਿ ਕੇ ਗਿਆ ਹੈ। ਮੇਰਾ ਵੱਡਾ ਮੁੰਡਾ ਹੈ ਚੂੜ੍ਹ।' ਆਖਕੇ ਬਜ਼ੁਰਗ ਹਾੜੇ ਵੱਲ ਨੂੰ ਤੁਰ ਪਿਆ। ਜਿਸ ਨੂੰ ਵੇਖ ਕੇ ਬਰਾੜ ਸੋਚ ਰਿਹਾ ਸੀ ਕਿ ਜਿਵੇਂ ਇਹ ਕੋਈ ਬੰਦਾ ਨਹੀਂ ਪਸ਼ੂ ਹੋਵੇ ਜਿਹੜਾ ਮਰਨ ਤੋਂ ਬਾਅਦ ਹੱਡਾ-ਰੋੜੀ 'ਚੋਂ ਉਸ ਵੱਲ ਤੁਰ ਆਇਆ ਹੋਵੇ। ਉਸਨੇ ਚਾਰੇ ਪਾਸੀਂ ਮੂੰਹ ਘੁਮਾਇਆ। ਜਿਵੇਂ ਕਿਸੇ ਪਾਸਿਓਂ ਸੁਖਾਵੀਂ ਹਵਾ ਦੀ ਤਲਾਸ਼ ਕਰ ਰਿਹਾ ਹੋਵੇ। ਫੇਰ ਉਸ ਨੇ ਪੂਰੇ ਜ਼ੋਰ ਨਾਲ ਤਿੰਨ ਚਾਰ ਵਾਰ ਨੱਕ ਸਿਣਕਿਆ। ਜਿਵੇਂ ਬਦਬੋਅ ਪੇਪੜੀ ਬਣ ਕੇ ਉਸਦੇ ਨੱਕ ਅੰਦਰ ਜੰਮ ਗਈ ਹੋਵੇ। ਪਰ ਇਸ ਸੰਘਣੀ ਬਦਬੋਅ ਨਾਲ ਤਾਂ ਉਸਦੇ ਫੇਫੜੇ ਵੀ ਭਰ ਚੁੱਕੇ ਸਨ। ਤੇ ਹੁਣ ਉਹ ਦਮ ਘੁੱਟ ਘੁੱਟ ਕੇ ਸਾਹ ਲੈਣ ਦਾ ਯਤਨ ਕਰ ਰਿਹਾ ਸੀ।

ਸਾਹਮਣਿਓਂ ਅਹਾਤੇ 'ਚੋਂ ਉਸਨੇ ਇੱਕ ਤਕੜਾ ਨਰੋਆ ਚੋਬਰ ਨਿਕਲ ਦਾ ਵੇਖਿਆ ਨੀਝ ਲਾ ਕੇ ਪਛਾਣਿਆਂ ਕਿ ਇਹ ਰਾਤੀਂ ਮਿਲਣ ਵਾਲਾ ਚੂੜ੍ਹ ਰਾਮ ਹੀ ਸੀ। ਜਿਸਨੇ ਤੇੜ ਮੈਲ ਖੋਲ ਭਰਿਆ ਦੁਪੱਟਾ ਬੰਨ੍ਹਿਆ ਹੋਇਆ ਸੀ। ਤੇ ਗੱਲ ਫੀਂਜੀਆਂ ਵਾਲੀ ਲੰਬੀ ਹਰੀ ਪਰ ਹੁਣ ਭੂਸਲੀ ਜਿਹੀ ਹੋ ਚੁੱਕੀ ਕਮੀਜ਼ ਪਾਈ ਹੋਈ ਸੀ ਜਿਸਨੂੰ ਥਾਂ ਥਾਂ ਤੋਂ ਸਿਉਤਾਂ ਸਾਫ ਦਿਸ ਰਿਹਾ ਸੀ। ਉਹ ਚੋਬਰ ਆਪਣੇ ਦੁਪੱਟੇ ਨਾਲ ਰਗੜ ਰਗੜ ਕੇ ਹੱਥ ਸਾਫ਼ ਕਰਦਾ ਤੁਰਿਆ ਆ ਰਿਹਾ ਸੀ। ਕੋਲ ਆਉਂਦਿਆਂ ਸਤਿਕਾਰ ਨਾਲ ਹੱਥ ਜੋੜ ਦਿਆਂ ਉਸ ਨੇ ਬਰਾੜ ਨੂੰ ਸਤਿ ਸ੍ਰੀ ਅਕਾਲ ਕਹੀ। ਤੇ ਫੇਰ ਇੱਕ ਹੱਥ ਵਧਾਇਆ। ਬਰਾੜ ਨੇ ਕੰਬਲ ਹੇਠੋਂ ਨਿੱਘਾ ਤੇ ਸਾਫ ਕੂਲਾ ਹੱਥ ਕੱਢਿਆ, ਮਿਲਾਇਆ। ਅਜੀਬ ਕਿਸਮ ਦਾ ਮੇਲ ਹੋਇਆ ਸੀ। ਜਿੰਨੇ ਨਿੱਘ ਨਾਲ ਚੂੜ੍ਹ ਰਾਮ ਨੇ ਹੱਥ ਖੋਲ੍ਹ ਕੇ ਵਧਾਇਆ ਸੀ, ਉਨੇ ਹੀ ਸੰਕੋਚ ਨਾਲ ਬਰਾੜ ਨੇ ਅੱਧ ਖੁੱਲਿਆ ਹੱਥ ਵਧਾਇਆ ਤੇ ਝੱਟ ਪਿਛਾਂਹ ਮੋੜ ਲਿਆ। ਹੁਣ ਉਸ ਦੀ ਛਾਤੀ ਕੋਲੋਂ ਕੰਬਲ ਹਿੱਲ ਰਿਹਾ ਸੀ ਜਿਵੇਂ ਕੰਬਲ ਦੇ ਲੜ ਨਾਲ ਹੱਥ ਪੂੰਝ ਰਿਹਾ ਹੋਵੇ।

'ਮੈਂ ਵੀ ਉਡੀਕ ਹੀ ਰਿਹਾ ਸੀ। ਆਓ ਪਹਿਲਾਂ ਆਪਾਂ ਆਪਣੇ ਟਿਕਾਣੇ ਚਲਦੇ ਆਂ।' ਆਖ ਕੇ ਚੂੜ੍ਹ ਰਾਮ ਮੂਹਰੇ ਹੋ ਤੁਰਿਆ।

ਜਦੋਂ ਉਹ ਖੱਲਾਂ ਸਾਫ਼ ਕਰਨ ਵਾਲੇ ਹਾਤੇ ਮਗਰੋਂ ਦੀ ਲੰਘੇ, ਬਰਾੜ ਨੇ ਤਾਂ ਹੇਠਲਾ ਸਾਹ ਹੇਠਾਂ ਅਤੇ ਉਤਲਾ ਸਾਹ ਉੱਤੇ ਹੀ ਅੜਾ ਲਿਆ ਸੀ। ਪਰ ਸਾਹ ਤਾਂ ਧਿੰਗੋਜੋਰੀ ਅੰਦਰ ਨੂੰ ਧਸਦਾ ਜਾ ਰਿਹਾ ਸੀ। ਉਸਨੇ ਕਦਮ ਐਂ ਪੁੱਟਣੇ ਸ਼ੁਰੂ ਕਰ ਦਿੱਤੇ ਜਿਵੇਂ ਭੱਜਣਾ ਚਾਹੁੰਦਾ ਹੋਵੇ। ਪਰ ਹਵਾ ਦਾ ਰੁਖ ਉਲਟ ਹੋਣ ਕਰਕੇ ਹੁਣ ਬਦਬੋਈ ਲਹਿਰ ਦੀ ਦਿਸ਼ਾ ਬਦਲ ਗਈ ਸੀ। ਉਸਨੇ ਫਟ ਰਹੇ ਫੇਫੜਿਆਂ 'ਚੋਂ ਮਸਾਂ ਸਾਹ ਖਿੱਚਿਆ। ਤੇ ਕੁਝ ਸੌਖ ਜਿਹੀ ਮਹਿਸੂਸ ਕੀਤੀ। ਥੋੜੀ ਦੂਰ ਜਾਕੇ, ਇਕ ਘਰ ਦੇ ਸਾਹਮਣੇ ਆਉਂਦਿਆਂ, ਜੋ ਚੂੜ ਰਾਮ ਨੇ ਇਕ ਬੂਹਾ ਖੋਲ੍ਹਿਆ, ਜਿਸ ਦੀਆਂ ਥਾਂ ਥਾਂ ਤੋਂ ਝੀਥੀਆਂ ਟੁੱਟੀਆਂ ਫੁੱਟੀਆਂ ਵਿਚੋਂ ਘਰ ਦਾ ਅੰਦਰਲਾ ਸਭ ਕੁਝ ਦਿਸ ਰਿਹਾ ਸੀ। ਜਦੋਂ ਤਖਤੇ ਖੁਲ੍ਹੇ ਤਾਂ ਸਾਰਾ ਜਗਾੜ ਇਉਂ ਹਿੱਲਿਆ ਜਿਵੇਂ ਮੁੜ ਬੰਦ ਕਰਨ 'ਤੇ ਖਿੰਡ ਪੁੰਡ ਜਾਵੇਗਾਂ।

ਲਓ ਜੀ ਆਹ ਹੈ ਆਪਣਾ ਗਰੀਬ ਖਾਨਾ। ਤੁਸੀਂ ਐਸ ਬੈਠਕ 'ਚ ਰਹੋਗੇ ਤੇ ਅਸੀਂ ਅੰਦਰ ਸੌਂ ਛੱਡਿਆ ਕਰਾਂਗੇ।' ਕਹਿੰਦਿਆਂ ਚੂੜ ਰਾਮ ਨੇ ਕੱਚੇ ਕੋਠੇ ਵੱਲ ਇਸ਼ਾਰਾ ਕੀਤਾ ਜਿਸਦੇ ਬੂਹੇ 'ਤੇ ਮੋਟੇ ਕਾਨਿਆਂ ਦੀ ਸਫ਼ ਲਟਕ ਰਹੀ ਸੀ। ਉਹ ਸਫ਼ ਚੁੱਕ ਕੇ ਅੰਦਰ ਵੜ ਗਏ। ਚੂੜ ਰਾਮ ਨੇ ਬਰਾੜ ਨੂੰ ਬੜੇ ਆਦਰ ਨਾਲ ਮੰਜੇ ਤੇ ਬੈਠਣ ਲਈ ਕਿਹਾ। ਬਰਾੜ ਨੇ ਵੇਖਿਆ ਕਿ ਮੰਜੇ ਦੇ ਹੇਠ ਸੁੱਕੀਆਂ ਖੱਲਾਂ ਦੀਆਂ ਤਹਿਆਂ ਮਾਰੀਆਂ ਪਈਆਂ ਸਨ। ਤੇ ਜਿਨ੍ਹਾਂ ਨੂੰ ਚੁੱਕ ਕੇ ਚੂੜ ਰਾਮ ਨੇ ਅਗਲੇ ਕਮਰੇ ਵਿਚੋਂ ਲਿਜਾਣਾ ਸ਼ੁਰੂ ਕਰ ਦਿੱਤਾ ਸੀ।

'ਕਾਮਰੇਡ, ਪਹਿਲਾਂ ਚਾਹ ਹੋ ਜੇ, ਕੱਪ ਕੱਪ...... ਬਾਪੂ ਆਪਣੀ ਨੂੰਹ ਨੂੰ ਕਹੀਂ ਜਰਾ ਗੜਬੀ ਕੁ ਚਾਹ ਬਣਾ ਕੇ ਲਿਆਵੇ ਛੇਤੀ ਨਾਲ।' ਆਖਕੇ ਚੂੜ ਰਾਮ ਨੇ ਮਾਂਜਾ ਚੁੱਕਿਆ ਅਤੇ ਅੰਦਰ ਫੇਰਨ ਲੱਗ ਪਿਆ। ਬਰਾੜ ਨੇ ਵੇਖਿਆ ਕਿ ਜਿਸ ਮੰਜੀ ਉੱਪਰ ਉਹ ਬੈਠਾ ਸੀ। ਉਸਦੇ ਬਾਣ ਦੀਆਂ ਰੱਸੀਆਂ ਮੈਲ ਨਾਲ ਭਰੀਆਂ ਅਸਲੋਂ ਹੀ ਜਲੀਆਂ ਹੋ ਚੁੱਕੀਆਂ ਸਨ। ਦੌਣ ਵੀ ਕੱਦੀ ਬਾਵਾਂ ਤੋਂ ਗੰਢੀ ਹੋਈ ਸੀ।

'ਕਾਮਰੇਡ ਸਾਡੀ ਏਸ ਬਸਤੀ 'ਚ ਕੋਈ ਡੇ ਸੌ ਘਰ ਹੋਊਗਾ ਸਾਰੇ ਬਹੁਤਾ ਇਹੀ ਕੰਮ ਕਰਦੇ ਐ ਖੱਲਾਂ ਦਾ। ਜਨਾਨੀਆਂ, ਬੱਚੇ ਬੁਢੇ ਜੁਆਨ ਸਭ। ਆਮ ਕਰਕੇ, ਜਨਾਨੀਆਂ ਬਾਹਰੋਂ, ਘਾਹ ਪੱਠਾ ਬਾਲਣ ਵਗੈਰਾ ਲੈਣ ਵੀ ਚਲੀਆਂ ਜਾਂਦੀਐਂ। ਆਦਮੀ ਜਾਂ ਤਾਂ ਖੱਲਾਂ ਠੀਕ ਕਰਦੇ ਐ ਤੇ ਜਾਂ ਦੂਰੋਂ ਦੂਰੋਂ ਹੱਡ ਢੋਣ ਦਾ ਕੰਮ ਕਰਦੇ ਐ। ਸਾਡੇ ਵੱਡੇ ਬੰਦਿਆਂ 'ਚੋਂ ਕੋਈ ਵੀ ਪੜਿਆ ਲਿਖਿਆ ਹੈਨੀ। ਮੈਂ ਵੀ ਬੱਸ ਅੱਠਵੀਂ ਮਸਾਂ ਪਾਸ ਕਰ ਸਕਿਆ ਸੀ। ਹਾਂ ਹੁਣ ਟਾਵੇਂ ਟੱਲੇ ਬੱਚੇ ਪੜ੍ਹਨ ਪਾਏ ਐ ਲੋਕਾਂ ਨੇ। ਉਂਜ ਏਥੇ ਸਾਡੀ ਬਸਤੀ 'ਚ ਕੋਈ ਸਕੂਲ ਨ੍ਹੀ ਨਾ ਨਿੱਕਾ ਨਾ ਵੱਡਾ। ਜੁਆਕ ਹੁਣ ਕਿੱਥੇ ਭੇਜੀ ਏ। ਵੋਟਾਂ ਲੈਣ ਆਉਂਦੇ ਐ ਤਾਂ ਸਾਰੇ ਕੁੱਝ ਵੀ ਦੇ ਜਾਂਦੇ ਐ। ਪਰ ਹਰ ਵਾਰੀ ਪੰਜ ਸਾਲ ਐਵੇਂ-ਕੈਵੇਂ ਸੁੱਕੇ ਈ ਲੰਘ ਜਾਂਦੇ ਐ-ਕੋਈ ਸਾਲਾ ਨੂੰ ਬਹੁੜ ਦਾ। ਹੋਰਤਾਂ ਹੋਰ ਸਾਰੀ ਬਸਤੀ 'ਚ ਤਿੰਨ' ਟੂਟੀਆਂ ਚੱਲਦੀਐ ਪਾਣੀ ਵਾਲੀਆਂ। ਰਾਹ 'ਚ ਲੱਗਾ ਨਲਕਾ ਅਸੀਂ ਆਪ ਲੁਆਇਐ ਮਸਾਂ ਪੈਸੇ ਕੱਠੇ ਕਰਕੇ। ਪੂਰਾ ਸੱਤ ਸੌ ਲਾ ਗਿਆ ਇਹਦੇ 'ਤੇ। ਦੁਕਾਨ ਵਾਲਿਆਂ ਨੂੰ ਸਣੇ ਵਿਆਜ ਰਕਮ ਮੋੜੀ ਜਾਨੇ ਆਂ।'

'ਰਾਮਿਆਂ ਚਾਹ ਬਣਗੀ ਪੁੱਤ।'

'ਤੂੰ ਈ ਲੈ ਆ ਬਾਪੂ ਜਾ ਆਪਣੀ ਨੂੰਹ ਨੂੰ ਕਹਿਦੇ ਫਤਾਜੂਗੀ' ਨਾਲੇ ਕਾਮਰੇਡ ਦੀ ਸੂੰਹ ਸਿਆਣ ਕਰਾ ਦਿਆ।

ਬਾਹਰ, ਕੰਗਣਾਂ ਦਾ ਖੜਕਾ ਹੋਇਆ। ਬਰਾੜ ਬੂਹੇ ਵੱਲ ਝਾਕਿਆ। ਚੂੜ ਰਾਮ ਦੇ ਘਰ ਵਾਲੀ ਚਾਹ ਲੈ ਕੇ ਆ ਰਹੀ ਸੀ। ਥੋਦੇ ਹੋਏ, ਟਾਕੀਆਂ ਲੱਗੇ ਪਰ ਸਾਫ ਲੀੜਿਅ 'ਚ ਚੂੜ ਰਾਮ ਦੀ ਬਹੂਦਾ ਰੰਗ ਰੂਪ, ਦੇਖਕੇ ਬਰਾੜ ਦਾ ਜਿਵੇਂ ਤ੍ਰਾਹ ਨਿਕਲ ਗਿਆ 'ਬਹਨੀ ਕਜਰਤੇ ਰੂੜੀਆਂ 'ਚ ਲਾਲ ਰੋਲਤੇ' ਬੈਠਿਆਂ ਬੈਠਿਆਂ ਬਰਾੜ ਨੂੰ ਸੈਤੇ ਤਾਏ ਦਾ ਤਕੀਆ ਕਲਾਮ ਯਾਦ ਆ ਗਿਆ। ਉਹ ਮੰਜੇ ਤੋਂ ਚਾਹ ਰੱਖਦੀ ਰਾਮੇ ਦੀ ਬਹੂ ਦੇ ਲੰਬੇ ਲੰਬੇ ਹੱਥ ਤੇ ਲੰਬੀਆਂ ਗੋਲ ਗੋਰੀਆਂ ਉਂਗਲਾਂ ਵੱਲ ਵੇਖੀ ਗਿਆ। ਇਕ ਵਾਰਤਾ ਜਿਵੇਂ ਬਰਾੜ ਦੇ ਦੁਆਲਿਓਂ ਬਸਤੀ ਦੀ ਸਾਰੀ ਦੁਰਗੰਧ ਉਡ ਪੁੱਡ ਗਈ।

ਚੂੜ ਰਾਮ ਨੇ ਗੜਬੀ ਵਿਚੋਂ ਤਿੰਨਾਂ ਕੱਪਾਂ 'ਚ ਚਾਹ ਪਾਈ। ਲਓ ਕਾਮਰੇਡ, ਆਖ ਕੇ ਇਕ ਕੱਪ ਬਰਾੜ ਨੂੰ ਇਕ ਕੱਪ ਆਪਣੇ ਬਾਪੂ ਨੂੰ ਫੜਾ ਦਿਤਾ ਅਤੇ ਤੀਜਾ ਆਪ ਲੈ ਲਿਆ।

'ਅਰਚਣਾਂ ?'

'ਹੂੰ ?'

'ਇਹ ਬਾਈ ਆਪਣੇ ਘਰ ਰਿਹਾ ਕਰੂ...ਘਰ ਦਾ ਜੀਅ ਬਣਕੇ। ਕਿਸੇ ਕੋਲੇ ਉੱਘ ਸੁੱਘ ਨੀ ਕੱਢਣੀਂ। ਕਹਿ ਛੱਡਿਆ, ਮਾਮੇ ਦਾ ਪੁੱਤ ਭਰਾ ਐ। ਸਮਝ ਗਈ ਨਾ।'

'ਅੱਛਾ...' ਆਖਕੇ ਅਰਚਣਾ ਅੰਦਰ ਚਲੀ ਗਈ। ਤਾਂ ਬਰਾੜ ਨੇ ਚਾਹ ਦਾ ਘੁੱਟ ਭਰਿਆ। ਬੱਕਰੀ ਦੇ ਦੁੱਧ ਦੀ ਚਾਹ ਵਿਚੋਂ ਅਜੀਬ ਜਿਹੀ ਬੌਅ ਉਸਨੂੰ ਮਹਿਸੂਸ ਹੋਈ ਤੇ ਉਸਨੇ ਧੱਕ ਕੇ ਘੁੱਟ ਮਸਾਂ ਅੰਦਰ ਲੰਘਾਈ।

'ਅਰਚਣਾ ਬੜੀ ਸਮਝਦਾਰ ਐ ਕਾਮਰੇਡ। ਮੇਰੇ

ਵ੍ਹਾਂਗੂ ਇਹ ਵੀ ਅੱਠਵੀਂ ਨ੍ਹੀਂ ਲੰਘ ਸਕੀ। ਵਿਚਾਰੀ ਦੀ ਮਾਂ ਮਰ ਗਈ ਸੀ। ਬਾਕੀ ਨਿਆਣੇ ਛੋਟੇ ਸੀ। ਸਾਰਾ ਘਰ ਬਾਰ ਇਹਦੇ 'ਤੇ ਹੀ ਚੱਲਣ ਜੋਗਾ ਹੋ ਗਿਆ। ਆਪਣੇ ਸੌਹਰੇ ਨੂੰ ਵੀ ਵਿਆਹ ਪਿੱਛੋਂ ਮੈਂ ਏਥੇ ਹੀ ਲੈ ਆਂਦਾ ਹੈ। ਪਿਛਲੇ ਘਰਾਂ 'ਚ ਰਹਿੰਦੇ ਐ ਉਹ। ਬੱਸ ਇਹੋ ਸੰਭਾਲਦੀ ਐ ਦੋਹੇ ਘਰ। ਬਹੁਤ ਸਚਿਆਰੀ ਐ। ਜਿੰਨੀ ਸੋਹਣੀ ਐ ਬਸ ਓਨੀ ਸਿਆਣੀ ਐ।...ਪਰ ਮਾਂ ਦਾ ਕੁੱਖ ਨ੍ਹੀਂ ਭੁਲਾ ਸਕੀ। ਉਹ ਵੀ ਵਿਚਾਰੀ ਦਵਾਈ ਖੁਣੋਂ ਮਾੜੀ 'ਜੀ ਬਿਮਾਰੀ ਨਾਲ ਹੀ ਤੁਰ ਗਈ। ਗੱਲਾਂ ਕਰਦਿਆਂ ਕਰਦਿਆਂ ਚੂੜ ਰਾਮ ਨੇ ਆਪਣਾ ਕੱਪ ਖਾਲੀ ਕਰਕੇ ਥੱਲੇ ਰੱਖ ਦਿੱਤਾ ਤੇ ਨਾਲ ਹੀ ਬਰਾੜ ਨੇ। ਜਿਸ ਦੇ ਕੱਪ 'ਚ ਅਜੇ ਵੀ ਅੱਧੀ ਕੁ ਚਾਹ ਬਚੀ ਪਈ ਸੀ।'

'ਕੀ ਗੱਲ ਕਾਮਰੇਡ ਚਾਹ ਨੀ ਪੀਤੀ...ਅੱਜ ਤਾਂ ਠੰਢ ਵੀ ਕਾਫੀ ਐ ?"

'ਨਹੀਂ ਮੈਂ ਚਾਹ ਘੱਟ ਵੱਧ ਹੀ ਪੀਂਦਾ ਹਾਂ...'

'ਪਹਿਲਾਂ ਪਤਾ ਹੁੰਦਾ ਤਾਂ ਦੁੱਧ ਈ ਗਰਮ ਕਰ ਦਿੰਦੇ। ਸੁੱਖ ਨਾਲ ਆਪਣੀ ਬੱਕਰੀ ਮੱਝ ਵਰਗੀ ਐ। ਦੋ ਢਾਈ ਕਿਲੋ ਦੁੱਧ ਹੈਗਾ ਹੇਠਾਂ। ਦੋ ਪਠੋਰੇ ਹਰ ਵਾਰ ਦੇ ਦਿੰਦੀ ਐ। ਛੇਈਂ ਮਹੀਨੀ ਚਾਰ ਪੈਸੇ ਵਧ ਜਾਂਦੇ ਐ।

"ਨਹੀਂ ਨਹੀਂ ਦੁੱਧ ਦੀ ਵੀ ਕੀ ਜ਼ਰੂਰਤ ਹੈ।' ਰਾਮੇ ਪੱਧਰ ਬੰਦੇ ਨੂੰ ਸਮਝ ਨਹੀਂ ਪਈ ਕਿ ਜਿਹੜਾ ਬੱਕਰੀ ਦੇ ਦੁੱਧ ਦੀ ਬਣੀ ਚਾਹ ਨਹੀਂ ਪੀ ਸਕਿਆ ਉਹ ਉਹਦਾ ਦੁੱਧ ਕਿਵੇਂ ਲੰਘਾ ਲਊ !

'ਚਲੋ ਕਾਮਰੇਡ ਆਪਣਾ ਕਾਰਖਾਨਾ ਵਿਖਾ ਲਿਆਵਾਂ ਫਿਰ ਤੁਹਾਨੂੰ—ਇਥੇ ਕਾਫੀ ਆਦਮੀ ਕੰਮ ਕਰੀ ਜਾਂਦੇ ਐ। ਗੱਲਾਂ ਬਾਤਾਂ ਵੀ ਕਰੀ ਜਾਵਾਂਗੇ। ਕੁਛ ਕੰਮ ਵੀ ਹੋਜੂ। ਬਿਹਲੇ ਬਹਿਗੇ ਤਾਂ ਸ਼ਾਮ ਨੂੰ ਚੁੱਲਾ ਨ੍ਹੀਂ ਤਪਣਾ।

ਚੂੜ ਰਾਮ ਦੇ ਮਗਰੇ ਹੀ ਬਰਾੜ ਉੱਠ ਖਲੋਤਾ। ਉਹ ਦੋਵੇਂ ਬਾਹਰ ਨਿਕਲ ਆਏ। ਬਾਹਰ ਨਿਕਲਦਿਆਂ ਹੀ ਬਦਬੋਅ ਨੇ ਫੇਰ ਸੁਆਗਤ ਕੀਤਾ।

'ਕਿੱਧਰ ਐ ਕਾਰਖਾਨਾ ਤੁਹਾਡਾ ?'

'ਔਹ ਸਾਮਣੇ ਚਾਰ ਦੀਵਾਰੀ ਦੇ ਅੰਦਰ।' ਬਰਾੜ ਨੇ ਗਹੁ ਨਾਲ ਵੇਖਿਆ। ਚਾਰ ਦੀਵਾਰੀ ਦੇ ਆਸ ਪਾਸ ਲੱਕੜ ਦੇ ਗਿੱਲੇ ਬੂਰ ਵਰਗੀ ਭੈੜੀ ਸ਼ੈਅ, ਢੇਰਾਂ ਦੇ ਢੇਰ ਪਈ ਸੀ ਤੇ ਥੋੜੀ ਦੂਰ ਪਾਸੇ ਹੱਡਾਂ ਦੇ ਢੇਰ ਦਿਸ ਰਹੇ ਸਨ। ਤਿੰਨ ਚਾਰ ਬੰਦੇ, ਆਪਣੇ ਸਾਈਕਲਾਂ ਤੋਂ ਹੱਡ ਲਾਹ ਲਾਹ ਕੇ ਢੇਰਾਂ ਉਪਰ ਸੁੱਟੀ ਜਾ ਰਹੇ ਸਨ। ਉਹਨਾਂ ਦੇ ਆਸ ਪਾਸ ਕਿੰਨੇ ਸਾਰੇ ਕੱਚਾ ਮਾਸ ਚੂੰਡ ਚੂੰਡ ਖਾ ਜਾਣ ਵਾਲੇ ਦੁੰਬਿਆ ਵਰਗੇ ਕੁੱਤੇ ਪੂਛਾਂ ਮਾਰਕੇ ਫਿਰ ਰਹੇ ਸਨ। ਚਾਰ ਦੀਵਾਰੀ ਦੇ ਅੰਦਰ ਅਤੇ ਬਾਹਰ ਉੱਗੀਆਂ ਵੱਡੀਆਂ ਕਿੱਕਰਾਂ ਉਤੇ ਗਿਰਝਾਂ ਦੀ ਭਰਮਾਰ ਸੀ। ਜਿੰਨਾਂ ਵਿਚੋਂ ਕਾਫੀ ਸਾਰੀਆਂ ਚਾਰ ਦੀਵਾਰੀ ਦੀ ਕੰਧ ਉਤੇ ਸ਼ਹਿ ਲਾਈ ਬੈਠੀਆਂ ਸਨ।

ਜਿਉਂ ਜਿਉਂ ਦੋਵੇਂ 'ਸਾਥੀ' ਚਾਰ ਦੀਵਾਰੀ ਦੇ ਨੇੜੇ ਜਾ ਰਹੇ ਸਨ, ਬਰਾੜ ਦਾ ਦਮ ਘੁੱਟ ਰਿਹਾ ਸੀ। ਪਾਲੇ ਦੇ ਬਹਾਨੇ ਉਸ ਨੇ ਆਪਣਾ ਕੰਬਲ ਸੱਜੇ ਹੱਥ ਨਾਲ ਅੰਦਰੋਂ ਘੁੱਟ ਕੇ ਮੂੰਹ ਨਾਲ ਜੋੜ ਲਿਆ ਸੀ। ਤੇ ਬਸ ਉਸ ਦੀਆਂ ਅੱਖਾਂ ਹੀ ਨੰਗੀਆਂ ਸਨ। ਬਦਬੋਅ ਏਨੀ ਸੰਘਣੀ ਹੋ ਗਈ ਸੀ ਕਿ ਕੰਬਲ ਦੀ ਪੁਣ-ਛਾਣ ਦੇ ਹੁੰਦੇ ਵੀ ਉਸਦੇ ਫੇਫੜੇ ਫਟਣ ਤੇ ਆ ਗਏ ਸਨ। ਉਸਦਾ ਪਿਛਾਂਹ ਮੁੜ ਜਾਣ ਨੂੰ ਜੀਅ ਕੀਤਾ। ਪਰ ਪਾਰਟੀ ਦਾ ਹੁਕਮ ਲੋਹੇ ਦੇ ਡੰਡੇ ਨਾਲ ਜਿਵੇਂ ਉਸਨੂੰ ਅਗਾਂਹ ਧੱਕ ਰਿਹਾ ਸੀ। ਉਹ ਆਦਮੀ ਜਿਸਨੇ ਸਮਝ ਦੀ ਜ਼ਿੰਦਗੀ ਤੋਂ ਬਾਦ ਕਿਸੇ ਨਰਕ ਸੁਰਗ ਨੂੰ ਨਹੀਂ ਸੀ ਮੰਨਿਆਂ ਉਹ ਅੱਜ ਇਕ ਕੁੰਭੀ ਨਰਕ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਸੀ। ਉਸਨੂੰ ਏਸ ਵਾਤਾਵਰਨ ਵਿਚੋਂ ਸਾਹ ਲੈਣਾ ਏਨਾਂ ਔਖਾ ਹੋ ਰਿਹਾ ਸੀ ਕਿ ਉਸਦੀਆਂ ਅੱਖਾਂ ਪਾਣੀ ਨਾਲ ਭਰ ਆਈਆਂ। ਤੇ ਉਸਨੇ ਮੂੰਹ ਟੱਡ ਕੇ ਤੇ ਨੱਕ ਬੰਦ ਕਰਕੇ ਸਾਹ ਲੈਣਾ ਸ਼ੁਰੂ ਕਰ ਦਿੱਤਾ।

—ਖਿੜਕ ਲੰਘਕੇ, ਉਹ ਚਾਰ ਦੀਵਾਰੀ ਦੇ ਅੰਦਰ ਚਲੇ ਗਈ ਸਾਰਿਆਂ ਨੇ ਖ਼ੂੜੇ ਹੋਕੇ ਨਵੇਂ ਆਏ ਬੰਦੇ ਦਾ ਸੁਆਗਤ ਕੀਤਾ। ਦੋਵੇਂ ਹੱਥ ਜੋੜ ਕੇ ਨਮਸਤੇ ਕੀਤੀ। ਤੇ ਇਕ ਢੇਰ ਚਿਰ ਪੁਰਾਣੀ ਲੋਹੇ ਦੇ ਸਰੀਏ ਤੋਂ ਬਣੀ ਕੁਰਸੀ ਉਸਦੇ ਬੈਠਣ ਲਈ ਲੈ ਆਂਦੀ। ਬਰਾੜ ਵੇਖ ਰਿਹਾ ਸੀ, ਚੌਹੀਂ ਪਾਸੀਂ ਵੱਡੇ ਹਾਤੇ ਵਿਚ ਖੱਲਾਂ ਦਰਜ਼ੀ ਦੀਆਂ ਕੱਟੀਆਂ ਕਾਤਰਾਂ ਵਾਂਗ ਖਿੱਲਰੀਆਂ ਪਈਆਂ ਸਨ। ਤੇ ਕਈਆਂ ਖੱਲਾਂ ਨੂੰ ਦੋ ਦੋ ਤਿੰਨ ਆਦਮੀ ਚੂੰਬੜੇ ਉਹਨਾਂ ਦੀ ਮੁਰੰਮਤ ਕਰ ਰਹੇ ਸਨ।

ਕਈਆਂ ਦੀ ਚਾਹ ਪਹੁੰਚ ਗਈ ਸੀ। ਉਹ ਮਿੱਟੀ ਨਾਲ ਹੱਥ ਮਲਕੇ, ਚਾਹ ਪੀਣ ਬੈਠ ਗਏ ਸਨ ਕਈਆਂ ਦੀ ਰੋਟੀ ਆ ਗਈ ਸੀ, ਮਿੱਟੀ ਨਾਲ ਮਲ, ਹੱਥ ਝੱਗੇ ਜਾਂ ਕੱਛੇ ਨਾਲ ਪੂੰਝ ਮਾੜਾ ਜਿਹਾ ਪਾਣੀ ਹੱਥਾਂ ਤੇ ਅੰਘਾਲ ਕੇ ਉਹਨਾਂ ਨੇ ਸੁੱਕੀਆਂ ਖੱਲਾਂ ਤੇ ਬਹਿ ਕੇ ਰੋਟੀ ਚਿੱਥਣੀ ਸ਼ੁਰੂ ਕਰ ਦਿੱਤੀ ਸੀ। ਉਹ ਖਾ ਰਹੇ ਸਨ, ਪੀ ਰਹੇ ਸਨ, ਪਰ ਬਰਾੜ ਦੀ ਰਾਮੇ ਦੀ ਘਰ ਪੀਤੀ ਦੋ ਘੁੱਟ ਚਾਹ ਵੀ ਮੁੜ ਮੁੜ ਬਾਹਰ ਨੂੰ ਆ ਰਹੀ ਸੀ।

ਇੱਕ ਨੌਂ ਦਸ ਸਾਲ ਦਾ ਮੁੰਡਾ ਜਿਹੜਾ ਪੋਣੇ ਵਿਚ ਬੰਨ੍ਹੇ ਕਿਸੇ ਦੀ ਰੋਟੀ ਲਿਆ ਰਿਹਾ ਸੀ, ਉਸਦੇ ਹੱਥ ਨੂੰ ਇਕ ਇੱਲ ਨੇ ਝਪਟ ਮਾਰਨੀ ਚਾਹੀ ਪਰ ਮੁੰਡੇ ਨੇ ਜਿਵੇਂ ਆਮ ਗੱਲ ਹੋਵੇ, ਨੇੜੇ ਢੁੱਕਦੀ ਨੂੰ ਪੂਰੇ ਜ਼ੋਰ ਨਾਲ ਡੰਡਾ ਵਗਾਇਆ 'ਤੇ ਉਹ ਚੁੱਪ ਚਾਪ ਕੰਧ ਵੱਲ ਨੂੰ ਉਡ ਗਈ।

'ਵਾਹ !' ਬਰਾੜ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ। ਫੇਰ ਉਸ ਨੇ ਕੋਲ ਫਿਰਦੇ ਮੋਟੇ ਤਾਜ਼ੇ ਕੁਤਿਆਂ ਵੱਲ ਵੇਖਿਆ। ਸਾਰਿਆਂ ਦੇ ਮੂੰਹ, ਮਾਸ ਚੂੰਡ ਚੂੰਡ ਚੌੜੇ ਤੇ ਲਾਲ ਜਿਹੇ ਹੋ ਚੁੱਕੇ ਸਨ। ਤੇ ਉਹਨਾਂ ਦੇ ਪਿੰਡਿਆਂ ਤੇ ਉੱਗੀ ਰੰਗ ਬਰੰਗੀ ਜੱਤ ਦਾ ਰੰਗ ਵੀ ਹੁਣ ਭੂਸਲਾ ਜਿਹਾ ਹੀ ਹੋ ਗਿਆ ਸੀ।

ਏਨੇ ਨੂੰ ਕਿੱਕਰ ਤੇ ਬੈਠੀ ਇਕ ਗਿਰਝ ਨੇ ਬਿੱਠ ਮਾਰੀ। ਜਿਹੜੀ ਦੂਰ ਦੂਰ ਖਿੱਲਰ ਗਈ। ਕੁਝ ਗੰਦੇ ਛਿੱਟੇ ਬਰਾੜ ਦੇ ਕੰਬਲ 'ਤੇ ਆਣ ਡਿੱਗੇ। ਉਸ ਲਈ ਹੋਰ ਬੈਠਣਾ ਅਸਲੋਂ ਹੀ ਔਖਾ ਹੋ ਗਿਆ ਸੀ।

'ਚੰਗਾ ਚੂੜ ਰਾਮ ਜੀ, ਤੁਸੀਂ ਕਰੋ ਕੰਮ, ਮੈਂ ਘਰ ਚੱਲਦਾਂ, ਸ਼ਾਮ ਨੂੰ ਸਾਥੀਆਂ ਨੂੰ ਕਹਿਣਾ ਕਿ ਰਲ ਬੈਠਾਂਗੇ। ਕੰਮ ਦੀਆਂ ਗੱਲਾਂ ਬਾਤਾਂ ਕਰਾਂਗੇ।' ਆਖਦਿਆਂ ਉਹ ਉਠ ਕੇ ਖੜਾ ਹੋ ਗਿਆ।

'ਕਾਮਰੇਡ ਤੁਸੀਂ ਬੈਠੋ ਤਾਂ ਸਹੀ। ਮੈਂ ਕੁਛ ਹੋਰ ਬੰਦੇ ਵੀ ਬੁਲਾਏ ਐ ਏਥੇ ਉਹਨਾਂ ਨੂੰ ਵੀ ਮਿਲ ਲਵੋ। ਬਸ ਦੋ ਮਿੰਟਾਂ 'ਚ ਆਏ ਸਮਝੋ।'

'ਨਹੀਂ, ਮੇਰੀ ਤਬੀਅਤ ਕੁਛ ਦਿਨਾਂ ਦੀ ਖਰਾਬ ਐ। ਮੈਂ ਬਹੁਤਾ ਚਿਰ ਅਜੇ ਬੈਠ ਨ੍ਹੀ ਸਕਦਾ। ਮੈਂ ਘਰ ਚੱਲ ਕੇ ਆਰਾਮ ਕਰਦਾਂ। ਸ਼ਾਮ ਨੂੰ ਹੀ ਮਿਲਾਂਗੇ' ਆਖਕੇ ਬਰਾੜ ਹਾਤੇ 'ਚੋਂ ਬਾਹਰ ਨਿਕਲ ਆਇਆ। ਤੇ ਸਿੱਧਾ ਚੂੜ ਰਾਮ ਦੇ ਘਰ ਨੂੰ ਹੀ ਤੁਰ ਪਿਆ।

ਉਸਨੇ ਬੂਹੇ ਨੂੰ ਹੱਥ ਮਾਰਿਆ। ਅੰਦਰੋਂ ਕੰਗਣ ਖੜਕੇ। ਕੁੰਡਾ ਖੁੱਲਿਆ। ਤਖ਼ਤੇ ਡਿਗੂੰ ਡਿਗੂੰ ਕਰਕੇ ਖੁੱਲ੍ਹੇ।

'ਭਾਈ ਸਾਹਿਬ ਐ...ਮੈਂ ਵੀ ਸੋਚਦੀ ਸੀ ਬਈ ਭੁੱਖੇ ਹੋਣਗੇ, ਰੋਟੀ ਖਾ ਲੈਂਦੇ...ਬੱਸ ਸਬਜ਼ੀ ਬਣੀ ਜਾਂਦੀ ਐ ਹੁਣੇ ਲਾਹ ਲਿਆਉਂਦੀ ਆਂ ਚਾਰ ਫੁਲਕੇ, ਤੁਸੀਂ ਬੈਠੋ ਅੰਦਰ, ਕਹੋ ਤਾਂ ਹੱਥ ਪੈਰ ਧੋਣ ਲਈ ਪਾਣੀ ਗਰਮ ਕਰ ਦਿਆਂ ਵੀਰ ?'

'ਨਹੀਂ ਪਾਣੀ ਦੀ ਤਾਂ ਕੋਈ ਲੋੜ ਨ੍ਹੀ। ਮੈਂ ਅਰਾਮ ਕਰਨਾ ਚਾਹੁੰਦਾ ਹਾਂ।' ਉਹ ਤਾਂ ਇਹ ਵੀ ਕਹਿਣਾ ਚਾਹੁੰਦਾ ਸੀ ਕਿ ਰੋਟੀ ਦੀ ਵੀ ਉਸ ਨੂੰ ਜ਼ਰੂਰਤ ਨਹੀਂ ਪਰ ਕਹਿ ਨਾ ਸਕਿਆ। ਹਾਂ ਪੇਟ ਖਰਾਬ ਦਾ ਬਹਾਨਾ ਲਾ ਕੇ ਉਹ ਅੰਦਰ ਜਾ ਲੇਟਿਆ।

— — —

'ਅਰਚਣਾ ? ਓ ਅਰਚਣਾ ?' ਬੈਠਕ ਖਾਲੀ ਵੇਖ ਵੇਖ ਚੂੜ ਰਾਮ ਨੇ ਆਪਣੇ ਘਰ ਵਾਲੀ ਨੂੰ ਅਵਾਜ ਮਾਰੀ। ਤੇ ਅਰਚਣਾ, ਜਿਹੜੀ ਅੰਦਰ ਆਟਾ ਛਾਣ ਰਹੀ ਸੀ, ਆਪਣੇ ਪਤੀ ਦੀ ਅਵਾਜ ਸੁਣ ਕੇ ਬਾਹਰ ਆ ਗਈ।

'ਮੈਨੂੰ ਵਾਜ ਮਾਰੀ ਸੀ ਤੂੰ ?'

'ਹਾਂ—ਕਾਮਰੇਡ ਨ੍ਹੀ ਦੀਹਦਾ ਕਿਤੇ ?'

'ਉਹ ਥੋੜਾ ਚਿਰ ਪਹਿਲਾਂ ਹੀ ਚਲਾ ਗਿਐ... ਕਹਿੰਦਾ ਸੀ ਘੁੰਮ ਫਿਰ ਆਵਾਂ। ਨਾਲ ਕਹਿੰਦਾ ਸੀ ਕਿਸੇ ਆਦਮੀ ਨੂੰ ਮਿਲਣੈਂ ਬਜਾਰ 'ਚ।

'ਤੁਰ ਕੇ ਗਿਐ ?'

'ਨਹੀਂ ਤੇਰੇ ਵਾਲਾ ਸਾਈਕਲ ਲੈ ਕੇ ਗਿਐ... ਕਹਿੰਦਾ ਸੀ ਛੇਤੀ ਮੁੜ ਆਵਾਂਗਾ।

'ਸਵੇਰੇ ਰੋਟੀ ਨਾਲ ਕੀ ਬਣਾਇਆ ਸੀ ?'

'ਗੋਭੀ ਪਈ ਸੀ ਭੋਰਾ ਕੱਲ੍ਹ ਦੀ ਬਚੀ...ਦੋ ਆਂਡੇ ਵੀ ਮੈਂ ਫਿਰ ਮੰਗਵਾ ਲਏ !'

'ਬਾਪੂ ਆ ਗਿਆ ਸੀ ਕਿ ਤੂੰ ਆਪ ਈ ਫੜਾਤੀ ਸੀ ਰੋਟੀ ?'

'ਉਂ ਤਾਂ ਬਾਪੂ ਵੀ ਘਰ ਈ ਸੀ...ਪੱਪੇ ਦਾ ਮਾਮਾ ਵੀ ਆ ਗਿਆ ਸੀ ਘਰ ਉਹਨੇ ਤਾਂ ਰੋਟੀ ਖਾਧੀ ਨ੍ਹੀ।'

'ਕਿਉਂ ?'

'ਆਖਦਾ ਸੀ ਤਬੀਅਤ ਠੀਕ ਨ੍ਹੀ...ਸਾਰੀ ਦਿਹਾੜੀ ਕੰਬਲ ਲੈ ਕੇ ਪਿਆ ਰਿਹੈ। ਕਿਤਾਬਾਂ ਜੀਆਂ ਪੜ੍ਹੀ ਗਿਐ ਬਸ...ਮੈਨੂੰ ਤਾਂ ਹੁਣ ਵੀ ਢਿੱਲਾ ਮੱਸਾ ਜਿਹਾ ਹੀ ਲਗਦਾ ਸੀ।

'ਸਵੇਰੇ ਵੇਲੇ ਤਾਂ ਠੀਕ ਠਾਕ ਮੁੜਿਆ ਸਾਡੇ ਕੋਲੋਂ। ਕਿੰਨੇ ਕੁ ਵਜੇ ਕਹਿੰਦਾ ਸੀ ਮੁੜ ਆਉਂਗਾ ? ਬੰਦੇ ਵੀ ਆਉਣ ਵਾਲੇ ਐ। ਅੱਠ ਕੁ ਦਾ ਟੈਮ ਦਿਤੈ ਮੈਂ ਆਦਮੀਆਂ ਨੂੰ।' ਬਾਹਰੋਂ ਟੱਲੀ ਦੀ ਅਵਾਜ਼ ਸੁਣਕੇ ਚੂੜ ਰਾਮ ਨੇ ਬੂਹੇ ਵੱਲ ਵੇਖਿਆ। ਬਰਾੜ ਸਾਈਕਲ ਅੰਦਰ ਲਿਆ ਰਿਹਾ ਸੀ।

'ਆ ਗਏ ਕਾਮਰੇਡ ! ਲਿਆਓ ਸਾਈਕਲ ਮੈਨੂੰ ਦਿਉ ਮੈਂ ਅੰਦਰ ਰੱਖ ਆਉਨਾ।' ਅਰਚਣਾ ਕਾਮਰੇਡ ਵਾਸਤੇ ਪਾਣੀ ਗਰਮ ਕਰ ਦੇਵੀਂ। ਹੱਥ ਮੂੰਹ ਧੋ ਲੈਣਗੇ। ਨਾਲੇ ਰੋਟੀ ਬਣਾ ਛੇਤੀ ਕਰਕੇ ਸਵੇਰੇ ਵੀ ਨ੍ਹੀ ਖਾਧੀ ਇਹਨਾਂ ਨੇ।'

'ਨਹੀਂ ਚੂੜ ਰਾਮ, ਭਾਈ, ਮੇਰੀ ਰੋਟੀ ਨਾ ਬਣਾਇਓ। ਮੈਂ ਤਾਂ ਖਾ ਆਇਆਂ। ਇਕ ਸਾਥੀ ਨੂੰ ਮਿਲਣ ਗਿਆ ਸਾਂ। ਉਥੇ ਰੋਟੀ ਪਕਾਈ ਬੈਠੇ ਸੀ ਮੈਨੂੰ ਖਾਣੀ ਪਈ।'

'ਮੈਂ ਤਾਂ ਵੀਰ ਜੀ ਦਾ ਆਟਾ ਗੁੰਨ੍ਹੀ ਬੈਠੀ ਆਂ। ਮੈਂ ਕਿਹਾ ਸਵੇਰੇ ਵੀ ਨ੍ਹੀ ਖਾਧੀ, ਭੁੱਖ ਲੱਗੀ ਹੋਊ। ਛੇਤੀ ਪਕਾ ਲਵਾਂ। ਪਰ ਤੁਸੀਂ ਤਾਂ ਹੱਦ ਈ ਕਰਤੀ ਕਿ ਗਰੀਬਾਂ ਦੀ ਰੋਟੀ ਬਾਈ ਦੇ ਲੰਘਦੀ ਨ੍ਹੀ।'

'ਨਹੀਂ ਭਾਈ ਐਹੋ ਜੀ ਤਾਂ ਕਿਹੜੀ ਗੱਲ ਐ।' ਆਖਕੇ ਬਰਾੜ ਅੰਦਰ ਚਲਾ ਗਿਆ।

ਚੂੜ ਰਾਮ ਨੇ ਕਮਰੇ 'ਚੋਂ ਬਿਸਤਰਾ ਕੱਢ ਲਿਆਂਦਾ ਅਤੇ ਬੈਠਕ ਵਿਚ ਡਹੇ ਮੰਜੇ ਤੇ ਵਿਛਾ ਦਿੱਤਾ।

'ਲਓ ਹੋਵੋ ਨਿੱਘੇ। ਫੇਰ ਰੋਟ ਗਈ ਤੁੱਕ ਗੱਲਾਂ ਬਾਤਾਂ ਵੀ ਕਰਨੀਆਂ ਹੋਣਗੀਆਂ...ਬੰਦੇ ਆਉਣ ਵਾਲੇ ਐ ਮੈਂ ਵੀ ਦੋ ਮੁੰਨੀਆਂ ਭੰਨ ਆਵਾਂ।' ਆਖਕੇ ਚੂੜ ਰਾਮ ਬਾਹਰਲੇ ਚੌਂਤਰੇ ਵੱਲ ਨੂੰ ਤੁਰ ਗਿਆ। ਤੇ ਬਿਸਤਰੇ 'ਚ ਬਹਿ ਬਰਾੜ ਨੇ ਰਜਾਈ ਆਪਣੇ ਉਪਰੋਂ ਖਿੱਚ ਲਈ।

ਸਾਫ਼ ਧੋਤੀ ਪਰ ਪੁਰਾਣੀ ਖੱਦਰ ਦੀ ਠਾਕੀ ਰਜਾਈ 'ਚੋਂ ਵੀ ਉਸਨੂੰ ਜਿਵੇਂ ਖੱਲਾਂ ਦੀ ਬੋਅ ਆ ਰਹੀ ਸੀ। ਉਸ ਨੇ ਰਜਾਈ ਚੁੱਕ ਆਪਣਾ ਕੰਬਲ ਹੇਠ ਦੀ ਜੋੜ ਲਿਆ। ਫਿਰ ਉਸਨੂੰ ਲੱਗਾ ਜਿਵੇਂ ਸਰ੍ਹਾਣੇ ਵਿਚੋਂ ਵੀ ਉਹੀ ਮੁਸ਼ਕ ਆ ਰਿਹਾ ਸੀ ਉਸ ਨੇ ਸਰ੍ਹਾਣਾ ਚੁੱਕ ਚਾਦਰ ਦੇ ਹੇਠਾਂ ਕਰ ਦਿੱਤਾ। ਪਰ ਬਦਬੋਅ ਸੀ ਜੋ ਚੌਹਾਂ ਪਾਸਿਆਂ ਤੋਂ ਹੀ ਉਸਤੇ ਝਪਟ ਰਹੀ ਸੀ। ਕਦੀ ਕਦੀ ਬਾਹਰੋਂ ਠੰਡੀ ਸੀਤ ਹਵਾ ਦਾ ਬੁੱਲਾ ਮੋਰੀ ਥਾਣੀਂ ਅੰਦਰ ਵੜ ਆਉਂਦਾ ਤਾਂ ਸਾਰਾ ਕਮਰਾ ਜਿਵੇਂ ਮੁਸ਼ਕ ਜਾਂਦਾ। ਉਸਨੂੰ ਲਗਦਾ ਜਿਵੇਂ ਅਜੇ ਵੀ ਉਹ ਖੱਲਾਂ ਦੇ ਹਾਤੇ 'ਚ ਬੈਠਾ ਹੈ। ਜਿਸ ਮੁਸ਼ਕੇ ਮਾਹੌਲ ਵਿਚੋਂ ਉਹ ਕੁਝ ਘੰਟਿਆਂ ਲਈ ਛੁਟਕਾਰਾ ਪਾਉਣ ਨਿਕਲਿਆ ਸੀ ਉਸੇ 'ਚ ਉਹ ਫਿਰ ਘਿਰ ਗਿਆ ਸੀ। ਉਸਨੇ ਸੋਚਿਆ ਜੇ ਕੰਮ ਏਵੇਂ ਜਾਰੀ ਰਿਹਾ ਤਾਂ ਕਿੰਨਾਂ ਕੁ ਚਿਰ ਉਹ ਹੋਟਲਾਂ ਤੋਂ ਰੋਟੀਆਂ ਖਾਂਦਾ ਰਹੇਗਾ ਤੇ ਚਾਹਾਂ ਪੀਂਦਾ ਰਹੇਗਾ। ਜਿਨ੍ਹਾਂ ਦੀਆਂ ਮੁਸ਼ਕਲਾਂ ਭਰੀ ਜ਼ਿੰਦਗੀ ਬਾਰੇ ਗੱਲਾਂ ਕਰਦਿਆਂ ਜਾਂ ਲਿਖਦਿਆਂ ਉਸਨੇ 35 ਵਰ੍ਹੇ ਲੰਘਾ ਲਏ ਸਨ ਅੱਜ ਉਹਨਾਂ ਵਿਚਕਾਰ ਬੈਠਾ ਉਹ ਗੈਰ ਮਹਿਸੂਸ ਕਰ ਰਿਹਾ ਸੀ। ਏਸ ਦੱਬ ਘੁੱਟ 'ਚ ਕਿੰਨੇ ਕੁ ਦਿਨ ਭਲਾ ਹੋਰ ਨਿਕਲ ਸਕਣਗੇ। ਜ਼ਿੰਦਗੀ 'ਚ ਪਹਿਲੀ ਵਾਰ ਉਸਨੇ ਏਨਾ ਔਖਾ ਦਿਨ ਕੱਟਿਆ ਸੀ। ਪੁਲਸ ਦੀ ਤਸ਼ੱਦਦੀ ਕੁੱਟ ਮੂਹਰੇ ਜੀਹਨੇ ਕਦੀ ਹਾਰ ਨਹੀਂ ਸੀ ਮੰਨੀ, ਉਹ ਏਥੇ ਇਕ ਦਿਨ ਵਿਚ ਹੀ ਹਾਰਿਆ ਹਾਰਿਆ ਮਹਿਸੂਸ ਕਰੀ ਜਾ ਰਿਹਾ ਸੀ। ਤੇ ਉਹ ਸਾਹ ਅਜੇ ਵੀ ਇੰਜ ਲੈ ਰਿਹਾ ਸੀ ਜਿਵੇਂ ਦਮੇਂ ਦਾ ਗੰਭੀਰ ਮਰੀਜ਼ ਹੋਵੇ। ਪਿਆਸ ਲੱਗਣ ਦੇ ਬਾਵਜੂਦ ਵੀ ਉਸ ਨੇ ਪਾਣੀ ਨਹੀਂ ਸੀ ਪੀਤਾ ਢਿੱਡ 'ਚ ਖੋਹ ਪੈਣ ਦੇ ਬਾਵਜੂਦ ਵੀ ਉਹ ਇਸ ਘਰੋਂ ਰੋਟੀ ਨਹੀਂ ਸੀ ਖਾ ਸਕਿਆ। ਏਥੋਂ ਦੀ ਹਰ ਸ਼ੈਅ ਵਿਚੋਂ ਉਸਨੂੰ ਮੁਸ਼ਕ ਆ ਰਿਹਾ ਸੀ। ਸੂਕ ਆ ਰਹੀ ਸੀ ਤੇ ਉਸ ਦਾ ਦਮ ਘੁੱਟ ਰਿਹਾ ਸੀ। ਉਸ ਨੂੰ ਸਵੇਰ ਤੱਕ ਜੂੰਆਂ ਪੈ ਜਾਣ ਦਾ ਖਿਆਲ ਵੀ ਆ ਰਿਹਾ ਸੀ। ਇਹਨਾਂ ਸੋਚਾਂ ਵਿਚ ਗੁਲਤਾਨ ਉਹ ਟਿਕਟਿਕੀ ਲਾ ਕੇ ਖਾਧੜ ਜਿਹੀ ਛੱਤ ਵੱਲ ਵੇਖੀ ਜਾ ਰਿਹਾ ਸੀ। ਜੋ ਥਾਂ ਥਾਂ ਤੋਂ ਚਿੜੀਆਂ ਦੇ ਕੱਢੇ ਮਘੋਰੇ ਕਾਰਨ ਚੋਈ ਜਾਪਦੀ ਸੀ।

ਪਰ ਇਹ ਸਭ ਕੁਝ ਉਸਨੂੰ ਨਹੀਂ ਸੀ ਦਿਸ ਰਿਹਾ। ਅਚੇਤ ਹੀ ਉਸ ਦੀ ਨਜ਼ਰ ਉਸਦੇ ਆਪਣੇ ਨੱਕ 'ਚ, ਫੇਫੜਿਆਂ 'ਚ, ਦਿਲ 'ਚ, ਸੰਘ 'ਚ ਘੁੰਮ ਰਹੀ ਸੀ।

ਏਨੇ ਨੂੰ ਪੰਦਰਾਂ ਵੀਹ ਬੰਦੇ ਜਿਨ੍ਹਾਂ ਵਿਚੋਂ ਕਿਸੇ ਨੇ ਮੈਲ ਕੁਚੈਲਾ ਖੇਸ, ਕਿਸੇ ਨੇ ਜੁੱਲੀ, ਕਿਸੇ ਨੇ ਰਜਾਈ ਉਪਰ ਲਈ ਹੋਈ ਸੀ ਅੰਦਰ ਆਣ ਵੜੇ। ਦੀਵੇ ਦੀ ਲੋਅ ਹੇਠ ਉਸਨੇ ਉਹਨਾਂ ਨੂੰ ਗਹਿਰੀ ਨਜ਼ਰ ਨਾਲ ਵੇਖਿਆ। ਉਸ ਨੂੰ ਜਾਪਿਆ ਜਿਵੇਂ ਉਹਨਾਂ ਦੇ ਮੋਢਿਆਂ 'ਤੇ ਮਰੇ ਹੋਏ ਬਲਦਾਂ ਦੇ, ਊਠਾਂ ਦੇ, ਮੱਝਾਂ ਗਾਈਆਂ ਦੇ, ਕੱਟੇ ਕੱਟੀਆਂ ਦੇ ਸਿਰ ਟਿਕੇ ਹੋਣ, ਤੇ ਜਿਨ੍ਹਾਂ ਦਾ-ਮਾਸ ਕੁੱਤਿਆਂ ਨੇ ਗਿਰਝਾਂ ਨੇ ਭੋਰਾ ਭੋਰਾ ਕਰਕੇ ਚੂੰਡ ਲਿਆ ਹੋਵੇ ਤੇ ਹੁਣ ਉਹ ਭੈੜੀ ਗੰਧ ਨਾਲ ਭਰੇ ਹੱਡ ਰਹਿ ਗਏ ਹੋਣ ਤੇ ਆਪਣੀਆਂ ਆਪਣੀਆਂ ਲਾਹੀਆਂ ਖੱਲਾਂ ਮੋਢਿਆਂ ਉੱਪਰ ਚੁੱਕੀ ਤੁਰੇ ਫਿਰਦੇ ਹੋਣ। ਤੁਰਦੇ ਫਿਰਦੇ ਹੱਡ, ਅੰਦਰ ਧਸੀਆਂ ਅੱਖਾਂ, ਵੜੀਆਂ ਹੋਈਆਂ ਜਾਭਾਂ, ਉਭਰੇ ਹੋਏ ਹੱਡ, ਕਰੇੜੇ ਹੋਏ ਦੰਦ, ਮੁਰਝਾਏ ਸੁੱਕੜ ਚੇਹਰੇ ਸਭ ਕੁਝ ਉਸਨੂੰ ਕਿੰਨਾ ਓਪਰਾ ਓਪਰਾ ਲੱਗ ਰਿਹਾ ਸੀ। ਏਥੇ, ਇਹੋ ਜਿਹੀ ਥਾਂ 'ਤੇ, ਇਹੋ ਜਿਹੇ ਮਨੁੱਖਾਂ ਨਾਲ, ਉਸਦਾ ਵਾਹ ਜ਼ਿੰਦਗੀ 'ਚ ਪਹਿਲੀ ਵਾਰੀ ਪੈ ਗਿਆ ਸੀ। ਇਸ ਭਿਆਨਕ ਜ਼ਿੰਦਗੀ ਬਾਰੇ ਵਿਚਾਰ ਵਟਾਂਦਰੇ ਤਾਂ ਉਹ ਅਕਸਰ ਕਰਦੇ ਰਹਿੰਦੇ ਹਨ। ਅਨੇਕਾਂ—ਲੇਖਾਂ ਕਹਾਣੀਆਂ, ਕਿਤਾਬਾਂ ਤੇ ਕਵਿਤਾਵਾਂ ਵਿਚੋਂ ਇਨ੍ਹਾਂ ਦਾ ਜ਼ਿਕਰ ਪੜ੍ਹਿਆਂ ਸੀ ਤੇ ਆਪ ਵੀ ਕੀਤਾ ਸੀ। ਪਰ ਜ਼ਿੰਦਗੀ ਦੇ ਉਸ ਸੱਚ ਨੂੰ ਉਹ ਆਪਣੀਆਂ ਅੱਖਾਂ ਨਾਲ, ਆਪਣੇ ਨੱਕ ਨਾਲ, ਆਪਣੇ ਕੰਨਾਂ ਨਾਲ, ਆਪਣੇ ਦਿਲ ਨਾਲ ਹੰਢਾਉਣਾ ਏਨਾਂ ਔਖਾ ਹੈ, ਇਸ ਬਾਰੇ ਉਸਦੇ ਮਨ 'ਚ ਅਚੇਤ ਖਿਆਲ ਵੀ ਨਹੀਂ ਸੀ ਆਇਆ ਕਦੀ।

ਉਹਨਾਂ ਦੇ ਆਉਣ ਤੇ, ਉਸਨੂੰ ਲੱਗਾ ਜਿਵੇਂ ਚੂੜ ਰਾਮ ਨੇ ਸਵੇਰੇ ਬਾਹਰ ਕੱਢੀਆਂ ਖੱਲਾਂ ਦਾ ਢੇਰ ਉਸਦੇ ਚਾਰੇ ਪਾਸੀਂ ਖਿਲਾਰ ਦਿੱਤਾ ਹੈ। ਉਸ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਉਹ ਕਰੇ ਤਾਂ ਕੀ ਕਰੇ !!

'ਅੱਛਾ ਕਾਮਰੇਡ, ਇਹ ਸਾਥੀ, ਬਹੁਤ ਦੇਰ ਤੋਂ ਤੁਹਾਡੇ ਵਰਗੇ ਬੰਦਿਆਂ ਨੂੰ ਉਡੀਕ ਰਹੇ ਸਨ। ਖੁਸ਼ੀ ਦੀ ਗੱਲ ਹੈ ਜੋ ਤੁਸੀਂ ਅੱਜ ਏਥੇ ਚਰਨ ਪਾਏ ਐ। ਇਹਨਾਂ ਨਾਲ ਵਿਚਾਰ ਸਾਂਝੇ ਕਰੋ।' ਅੰਦਰ ਆਉਂਦਿਆਂ ਹੀ, ਚੂੜ ਰਾਮ ਨੇ ਬਰਾੜ ਨੂੰ ਸੋਚਾਂ 'ਚੋਂ ਬਾਹਰ ਕੱਢ ਲਿਆਂਦਾ। ਰਜਾਈ ਪਿਛਾਂਹ ਹਟਾਉਂਦਾ ਤੇ ਬੈਠਦਾ ਬਰਾੜ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਕਿਸੇ ਬੀਮਾਰ ਬਹਿੜ ਨੂੰ ਢਿੱਡ ਹੇਠੋਂ ਟੰਬੇ ਦੇ ਕੇ, ਹਰਾ ਚਾਰਾ ਖਾਣ ਲਈ, ਖੜਾ ਕੀਤਾ ਜਾਂ ਰਿਹਾ ਹੋਵੇ।

'ਸਾਥੀਓ' ਉਸਨੇ ਕਹਿਣਾ ਸ਼ੁਰੂ ਕੀਤਾ। 'ਕੰਮ

ਬਹੁਤ ਜ਼ਿਆਦਾ ਹੋਣ ਕਰਕੇ, ਏਨੀ ਸਰਦੀ ਵਿੱਚ, ਵੇਲੇ ਕੁਵੇਲੇ ਖਾਂਦਿਆਂ ਨਾ ਖਾਧਿਆਂ ਭੱਜ ਦੌੜ ਕਰਨੀ ਪੈਂਦੀ ਐ। ਕਈਆਂ ਦਿਨਾਂ ਤੋਂ ਸਰੀਰ ਢਿੱਲ ਮੱਠ ਕਰ ਰਿਹੈ। ਥੋੜੇ ਕੋਲੋਂ ਮੁੜਨ ਤੋਂ ਬਾਦ ਮੈਂ ਲੇਟਿਆ ਹੀ ਰਿਹਾ ਹਾਂ ਜਾਂ ਆਹ ਕਿਤਾਬਾਂ ਪੜ੍ਹਦਾ ਰਿਹਾ ਹਾਂ, ਜੋ ਮੈਂ ਥੋੜੇ ਲਈ ਲਿਆਇਆਂ।

ਸ਼ਹਿਰੋਂ ਦਵਾਈ ਲੈਣ ਗਿਆ ਸਾਂ। ਇਸ ਵੇਲੇ ਮੈਂ ਥੋੜੀਆਂ ਜਿਹੀਆਂ ਗੱਲਾਂ ਕਰ ਸਕਣ ਦੇ ਸਮਰੱਥ ਵੀ ਨਹੀਂ ਹਾਂ। ਮੈਂ ਮੁਆਫ਼ੀ ਚਾਹੁੰਦਾ ਹਾਂ। ਜੇ ਤੁਹਾਡੀ ਆਗਿਆ ਹੋਵੇ ਤਾਂ ਮੈਂ ਅੱਜ ਦੀ ਰਾਤ ਅਰਾਮ ਕਰਨਾ ਚਾਹੁੰਦਾ ਹਾਂ। ਉਮੀਦ ਹੈ ਮੈਂ ਸਵੇਰ ਤੀਕ ਠੀਕ ਹੋ ਜਾਵਾਂਗਾ। ਫਿਰ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ, ਆਪਣੀ ਅਸਲ ਪੜ੍ਹਾਈ ਸ਼ੁਰੂ ਕਰ ਦਿਆਂਗੇ। ਮੁਆਫ ਕਰਨਾ ਅੱਜ ਮੈਂ ਤੁਹਾਨੂੰ ਥੋੜਾ ਜਿਹਾ ਸਮਾਂ ਵੀ ਨਹੀਂ ਦੇ ਸਕਦਾ। ਏਨਾ ਆਖਕੇ ਉਹ ਚੁੱਪ ਕਰ ਗਿਆ ਤੇ ਬਾਹਰੋਂ ਬੰਦੇ ਚੁੱਪ ਚਾਪ ਬੈਠਕ ਵਿਚੋਂ ਨਿਕਲਣੇ ਸ਼ੁਰੂ ਹੋ ਗਏ। ਸਭ ਦੇ ਚਲੇ ਜਾਣ ਤੋਂ ਬਾਦ ਬਰਾੜ ਨੇ ਪਾਣੀ ਦੀ ਘੁੱਟ ਨਾਲ ਇਕੱਠੀਆਂ ਦੋ ਗੋਲੀਆਂ ਲਈਆਂ ਤੇ ਕੰਬ ਦਬਾ ਕੇ ਪੈ ਗਿਆ।

ਜਦੋਂ ਉਸਦੀ ਜਾਗ ਖੁੱਲ੍ਹੀ ਕੋਈ ਛੇ ਕੁ ਦਾ ਵਕਤ ਹੋ ਚੁੱਕਾ ਸੀ। ਬਰਾੜ ਨੇ ਲੰਬਾ ਸਾਹ ਖਿੱਚਿਆ। ਏਥੇ ਤੇ ਸਵੇਰ ਦੀ ਦੁਪਹਿਰ ਦੀ ਜਾਂ ਸ਼ਾਮ ਦੀ ਹਵਾ ਵਿਚ ਕੋਈ ਫਰਕ ਨਹੀਂ ਸੀ। ਉਠਦਿਆਂ ਹੀ ਉਸਦਾ ਸੁਆਗਤ ਉਸੇ ਦੁਰਗੰਧ ਨੇ ਕੀਤਾ। ਉਸਨੂੰ ਖਿਆਲ ਆਇਆ ਨੀਂਦ ਦੀਆਂ ਗੋਲੀਆਂ ਖਾ ਕੇ ਰਾਤ ਤਾਂ ਭੁਲਾ ਬੀਤ ਗਈ ਤੇ ਦਿਨ ਕਿਵੇਂ ਬੀਤੂਗਾ? ਉਸਨੂੰ ਤਾਂ ਪਲ ਪਲ ਲੰਘਾਉਣਾ ਔਖਾ ਹੋ ਰਿਹਾ ਸੀ। ਉਸਦੇ ਮਨ ਵਿਚ ਉਥਲ ਪੁਥੱਲ ਹੋਣ ਲੱਗੀ। ਉਸਨੂੰ ਸਮਝ ਨਹੀਂ ਸੀ ਪੈ ਰਹੀ ਕਿ ਉਹ ਕੀ ਕਰੇ। ਉਹ ਏਥੋਂ ਚਲਾ ਜਾਵੇ ਤਾਂ ਪਾਰਟੀ ਦਾ ਹੁਕਮ, ਉਸਦਾ ਕੀ ਬਣੇਗਾ। ਜੇ ਨਹੀਂ ਜਾਂਦਾ ਤਾਂ ਕਣ ਕਣ 'ਚ ਵੜੀ ਦੁਰਗੰਧ ਨੂੰ ਉਹ ਆਪਣੇ ਫੇਫੜਿਆਂ ਵਿਚੋਂ ਕਿੰਨ੍ਹਾ ਚਿਰ ਦਬਦਾ ਘੁੱਟਦਾ ਸਮਾਉਂਦਾ ਰਹੇਗਾ? ਉਹ ਦੁਰਗੰਧ ਨੂੰ ਤਾਂ ਰੋਕ ਨਹੀਂ ਸਕਦਾ। ਤੇ ਪਾਰਟੀ ਦਾ ਫੈਸਲਾ? ਹਾਂ ਪਾਰਟੀ ਦੇ ਫੈਸਲੇ 'ਚ ਲੱਚਕ ਲਿਆਂਦੀ ਜਾ ਸਕਦੀ ਹੈ। ਆਖਰ ਉਹ ਵੀ ਤਾਂ ਇਕ ਮੁੱਖ ਇਕਾਈ ਦਾ ਮੁਖੀ ਹੈ ਤੇ ਲੰਬਾ ਆਰਸਾ ਉਹਨੇ ਪਾਰਟੀ ਲਈ ਕੰਮ ਕੀਤਾ ਹੈ। ਦੋ ਚਾਰ ਹੋਰ ਸਾਥੀ ਵੀ ਸਾਥ ਦੇ ਦੇਣਗੇ। ਏਥੇ ਬੀਮਾਰ ਹੋ ਜਾਊਂਗਾ ਤਾਂ ਫਿਰ ਵੀ ਜਾਣਾ ਹੀ ਪਵੇਗਾ। ਕਿਉਂ ਨਾ ਪਹਿਲਾਂ ਹੀ ਚਲਾ ਜਾਵਾਂ? ਵੇਖੀ ਜਾਏਗੀ। ਇਸ ਤਰ੍ਹਾਂ ਸੋਚਦਿਆਂ ਸੋਚਦਿਆਂ ਬਰਾੜ ਨੇ ਮਨ ਬਣਾ ਲਿਆ ਕਿ ਉਹ ਸਵਖਤੇ ਸਵਖਤੇ ਏਥੋਂ ਹੁਣੇ ਹੀ ਚਲਾ ਜਾਵੇ।

ਉਸਨੇ ਨਾਲਦੀ ਮੰਜੀ 'ਚ ਗੁੱਛੀ ਮੁੱਛੀ ਪਏ ਚੂੜ ਰਾਮ ਨੂੰ ਉਠਾ ਲਿਆ।

'ਸਾਥੀ ਮੈਂ ਅੱਜ ਇਕ ਬਹੁਤ ਜ਼ਰੂਰੀ ਕੰਮ ਜਾਣੈ। ਮੈਂ ਹੁਣੇ ਜਾਣਾ ਚਾਹੁੰਦਾ ਹਾਂ।'

'ਮੁੜੋਗੇ ਕਦੋਂ?'

'...ਹਾਂ ਜਲਦੀ ਮੁੜਨ ਦੀ ਕੋਸ਼ਿਸ਼ ਕਰੂੰਗਾ ਜੇ ਕੋਈ ਹੋਰ ਵੱਡਾ ਕੰਮ ਨਾ ਪੈ ਗਿਆ ਤਾਂ।'

'ਅਰਚਣਾ? ਉੱਠੀ ਐਤਾਂ ਚਾਹ ਬਣਾ ਛੇਤੀ ਨਾਲ ਦੋ ਕੱਪ; ਕਾਮਰੇਡ ਨੇ ਮੁੜਨੈਂ ਪਿਛਾਂਹ...ਕੋਈ ਜ਼ਰੂਰੀ ਕੰਮ।'

ਚੂੜ ਰਾਮ ਨੇ ਅੰਦਰ ਪਈ ਪਤਨੀ ਨੂੰ ਅਵਾਜ਼ ਮਾਰਦਿਆਂ ਕਹਿਆਂ ਪਰ ਅੰਦਰੋਂ ਕੋਈ ਹੁੰਗਾਰਾ ਨਾ ਆਇਆ। ਸ਼ਾਇਦ ਉਹ ਘੂਕ ਸੌਂ ਰਹੀ ਸੀ।

'ਨਹੀਂ ਨਹੀਂ ਦੋਸਤ ਚਾਹ ਦੀ ਮੈਨੂੰ ਉਕਾ ਜਰੂਰਤ ਨਹੀਂ। ਮੈਨੂੰ ਚਾਹ ਦੀ ਕੋਈ ਲੋੜ ਨਹੀਂ... ਸੌਣ ਦੇ ਵਿਚਾਰੀ ਨੂੰ...ਨਾ ਜਗਾ। ਮੈਂ ਵੀ ਜਲਦੀ ਚਲਾ ਜਾਣਾ ਚਾਹੁੰਦਾ ਹਾਂ। ਏਨਾ ਆਖ ਕੇ ਬਰਾੜ ਬਿਸਤਰੇ ਚੋਂ ਉਠਿਆ ਮੂੰਹ ਸਿਰ ਤੇ ਕੰਬਲ ਲਪੇਟਦਿਆਂ ਬੁੱਕਲ ਮਾਰੀ, ਕਿੱਲੀ ਨਾਲੋਂ ਝੋਲਾ ਲਾ ਕੇ ਤਿੰਨ ਚਾਰ ਕਿਤਾਬਾਂ ਕੱਢ ਕੇ, ਚੂੜ ਰਾਮ ਨੂੰ ਫੜਾਉਂਦਿਆਂ 'ਚੰਗਾ 'ਚੰਗਾ ਸਾਥੀ, ਮੈਂ ਚਲਦਾਂ, ਆਖਦਿਆਂ ਬਰਾੜ ਸਫ਼ ਚੁੱਕ ਕੇ ਬਾਹਰ ਵਿਹੜੇ 'ਚ ਆ ਗਿਆ। ਸਰਦੀ ਦੀ ਯਖ ਠੰਡੀ ਹਵਾ ਉਸਦੇ ਰੋਮ ਰੋਮ ਵਿਚੋਂ ਲੰਘ ਗਈ ਤੇ ਉਹ ਕੰਬ ਗਿਆ। ਚੂੜ ਰਾਮ ਨੇ ਬਾਹਰਲਾ ਬੂਹਾ ਖੋਲ੍ਹਿਆ। ਜਿਸਦਾ ਸੁੱਕੇ ਪੱਤਰਾਂ ਵਰਗਾ ਖੜਕਾ ਸੁਣ ਕੇ ਆਸ ਪਾਸ ਦੇ ਕੁੱਤੇ ਭੌਂਕ ਪਏ। ਬਰਾੜ ਨੇ ਬਾਹਰ ਗਲੀ 'ਚ ਜਾਂਦਿਆਂ ਵੇਖਿਆ ਕਿ ਚੌਹੀਂ ਪਾਸੀਂ ਕਿੰਨਾ ਸੰਘਣਾ ਹਨ੍ਹੇਰਾ ਸੀ ਅਜੇ। ਬੰਦੇ ਨੂੰ ਕੋਲ ਖੜਾ ਬੰਦਾ ਨਹੀਂ ਸੀ ਦਿਸ ਰਿਹਾ। ਫਿਰ ਵੀ ਉਹ ਤੁਰ ਪਿਆ। ਤੇਜ਼ ਕਦਮਾਂ ਨਾਲ ਤੁਰਦਾ ਉਹ ਭੱਜਾ ਰਿਹਾ ਲੱਗ ਰਹਿਆ ਸੀ। ਬਸਤੀ ਟੱਪ ਕੇ ਉਸਨੇ ਪਿਛਾਂਹ ਪਰਤ ਕੇ ਵੇਖਿਆ, ਸਾਰੀ ਬਸਤੀ ਦੁਰਗੰਧ ਭਰੇ ਸੰਘਣੇ ਸਰਦ ਹਨ੍ਹੇਰੇ ਦੀ ਬੁੱਕਲ ਵਿੱਚ ਖਾਮੋਸ਼ ਸੁੱਤੀ ਪਈ ਸੀ।

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143003: ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

ਕਹਾਣੀ—

# ਦਾਤੀ ਵਾਲਾ ਮੁੱਕਾ

**ਸਰਬਜੀਤ ਤਲਾਵਾਂ**

"ਬੀਰਿਆ ਤੂੰ ਮਾਲ ਨੂੰ ਪੱਠੇ ਸਿੱਟ ਕੇ ਨਿਆਈਂ ਵਾਲੇ ਵਿਘੇ ਨੂੰ ਹਲ ਜੋੜ ਤੇ ਮੈਂ ਹੁਣੇ ਦਸ ਵਜਦੇ ਨੂੰ ਸ਼ਹਿਰੋਂ ਤੇਲ ਦਾ ਪਤਾ ਲੈ ਕੇ ਮੁੜਿਆ।" ਪੁੱਤਾਂ ਵਾਂਗ ਰੱਖੇ ਸ਼ੀਰੀ ਬੀਰੇ ਨੂੰ ਆਖ ਸੰਤੂ ਨੇ ਪੰਕਚਰ ਹੋਏ ਸਾਈਕਲ ਵਿੱਚ ਗਵਾਂਢੋਂ ਪੰਪ ਲੈ ਕੇ ਫੂਕ ਭਰੀ ਤੇ ਸ਼ਹਿਰ ਨੂੰ ਹੋ ਤੁਰਿਆ। ਸ਼ਹਿਰ ਨੇੜੇ ਪਹੁੰਚ ਕੇ ਜਦੋਂ ਉਸਨੂੰ ਪਤਾ ਲੱਗਾ ਕਿ ਅੱਜ ਤੜਕੇ ਤੋਂ ਹੀ ਕਰਫਿਊ ਲਾ ਦਿੱਤਾ ਗਿਆ ਹੈ ਤਾਂ ਉਸਦੀ ਹੈਰਾਨੀ ਦੀ ਹੱਦ ਨਾ ਰਹੀ। ਮੇਰੇ ਵਾਲੇ ਖੇਤਾਂ ਨੂੰ ਦੋ ਦਿਨ ਪਾਣੀ ਨਾ ਦੇਣ ਤੇ ਫਸਲ ਨੂੰ ਸੋਕਾ ਪੈਣ ਦਾ ਡਰ ਸ਼ੀ ਤੇ ਫੇਰ ਪੱਕਣ ਤੇ ਆਈ ਫਸਲ ਉਜੜਦੀ ਵੇਖ ਕਿਸਾਨ ਦੇ ਸੀਨੇ ਰੁੱਗ ਨਾ ਭਰਨ ਤਾਂ ਕੀ ਹੋਵੇ। ਸੰਤੂ ਨੇ ਅਸਮਾਨ ਵੱਲ ਝਾਤੀ ਮਾਰੀ 'ਖਬਰੇ ਬੱਦਲ ਹੀ ਵਰ ਪਵੇ—ਪਰ ਅੱਗਿਓਂ ਨੀਲਾ ਅਕਾਸ਼ ਵੀ ਉਸਨੂੰ ਮੂੰਹ ਚਿੜਾਉਂਦਾ ਲੱਗਿਆ। ਉਸ ਸ਼ਹਿਰ ਵੱਲ ਨਜ਼ਰ ਮਾਰੀ ਤੇ ਸਾਈਕਲ ਤੇ ਲੱਤ ਦੇ ਫੇਰ ਪਿੰਡ ਨੂੰ ਹੋ ਤੁਰਿਆ। ਹੁਣ ਉਸਨੂੰ ਸਾਈਕਲ ਚਲਾਉਣਾ ਵੀ ਅੰਤਾਂ ਦਾ ਮੁਸ਼ਕਲ ਹੋ ਰਿਹਾ ਸੀ। ਉਸ ਸੋਚਿਆ ਰਾਤ ਰਾਤ ਹੀ ਕੀ ਹਨੇਰ ਆ ਗਿਆ, ਤੜਕੇ ਕਰਫਿਊ ਠੋਕ ਤਾ ?

ਘਰ ਪਹੁੰਚਦਿਆਂ ਪਹੁੰਚਦਿਆਂ ਸਾਈਕਲ ਵਿਚੋਂ ਫੂਕ ਵੀ ਨਿਕਲ ਚੁੱਕੀ ਸੀ। ਉਸ ਬੂਹਾ ਅੰਦਰ ਲੰਘ-ਦਿਆਂ ਹੀ ਸਾਈਕਲ ਕੰਧ ਨਾਲ ਦੇ ਮਾਰਿਆ ਤੇ ਛੋਟੀ ਕੁੜੀ ਨੂੰ 'ਪੰਡਤਾਂ ਦੀ ਦੁਕਾਨੋਂ' ਅਖਬਾਰ ਲੈਣ ਭੇਜ ਦਿੱਤਾ। ਅਖਬਾਰ ਵਿੱਚ ਮੋਟੀ ਸੁਰਖੀ ਦੀ ਖਬਰ ਸੀ —"ਚਾਰ ਮਰੇ-ਵੀਹ ਸਖਤ ਫੱਟੜ। ਭੜਕੀ ਹੋਈ ਭੀੜ ਤੇ ਪੁਲੀਸ ਵੱਲੋਂ ਗੋਲੀ। ਇੱਕ ਪੁਲੀਸ ਵਾਲਾ ਵੀ ਫੱਟੜ।" ਕੱਲ ਰਾਹੋਂ ਵਿੱਚ ਹੋਈ ਇਸ ਘਟਨਾ ਨੇ ਤਾਂ ਸੰਤੂ ਦੇ ਸੀਨੇ ਭਾਂਬੜ ਬਾਲ ਦਿੱਤੇ। ਉਸਨੂੰ ਲੱਗਾ ਜਿਵੇਂ ਦਸ ਸਾਲ ਪਹਿਲਾਂ ਕੁਲਦੀਪ ਤੇ ਉਸਦੇ ਅਨੇਕਾਂ ਹੀ ਸਾਥੀਆਂ ਦੇ ਪੁਲੀਸ ਹੱਥੋਂ ਝੂਠੇ ਮੁਕਾਬਲਿਆਂ ਵਿੱਚ ਸ਼ਹੀਦ ਹੋਣ ਦੀਆਂ ਘਟਨਾਵਾਂ ਇੱਕ ਵਾਰੀ ਫਿਰ ਅਖਬਾਰਾਂ ਦੀਆਂ ਸੁਰਖੀਆਂ ਬਣ ਚਮਕੀਆਂ ਹੋਣ। ਉਹ ਭਬਕੀ ਲੈਣੋਂ ਨਾ ਰਹਿ ਸਕਿਆ 'ਕੰਜਰ ਦਿਓ ਉਦੋਂ ਤਾਂ ਆਂਦੇ ਸੀ ਕਿ ਨਕਸਲਬਾੜੀਏ ਚੋਰ ਆ—ਡਾਕੂ ਆ—ਇੰਨਾਂ ਨੂੰ ਪੁਲਸ ਨੂੰ ਫੜਾਉ ਹੁਣ ਭੈਣ ਦਿਓ ਖਸਮੋਂ—ਇੰਨਾਂ ਕਰੋੜਾਂ ਭੁੱਖੇ ਮਰਦੇ ਲੋਕਾਂ ਨੂੰ ਚੋਰ-ਡਾਕੂ ਆਖੋ ਖਾਂ! ਮਾਰੋ-ਮਾਰੀ ਜਾਓ—ਇਥੇ ਇਕ ਨਹੀਂ ਕਰੋੜਾਂ ਨਕਸਲਬਾੜੀਏ ਹੋਰ ਜੰਮ ਪਏ ਨੇ—ਥੋੜੀ ਗੋਲੀ ਦਾ ਜੁਵਾਬ ਬੰਬਾਂ ਨਾਲ ਦੇਣ ਲਈ। ਉਦੋਂ ਤਾਂ ਕੰਜਰੋ ਕੱਲਾ ਕੱਲਾ ਫੜਕੇ ਮਾਰੀ ਜਾਂਦੇ ਸੋ—ਅਖੇ ਜੀ ਪੁਲਸ ਨਾਲ ਮੁਕਾਬਲਾ ਹੋ ਗਿਆ—ਹੁਣ ਪੁੱਤ ਪਤਾ ਲੱਗੂ ਜਦੋਂ ਕਰੋੜਾਂ ਮਜ਼ਦੂਰ ਕਿਸਾਨ ਕੱਠੇ ਹੋ ਕੇ ਥੋਡੀਆਂ ਵਿਹਲੜਾਂ ਦੀਆਂ ਸੰਘੀਆਂ ਘੁੱਟਣਗੇ। ਕਰੋ-ਕਰੀ ਜਾਓ ਖਾਂ ਪੁਲਸ ਮੁਕਾਬਲੇ।"

ਤੇ ਜਿਵੇਂ ਇਸੇ ਖਬਰ ਦੇ ਪੜ ਲੈਣ ਨਾਲ ਹੀ ਸੰਤੂ ਨੇ ਸਾਰੀ ਅਖਬਾਰ ਪੜ੍ਹ ਲਈ ਹੋਵੇ। ਉਸ ਅਖਬਾਰ ਮੰਜੀ ਤੇ ਸਿੱਟ ਗੋਡਿਆਂ ਤੇ ਹੱਥ ਰੱਖ ਕੇ ਉਠਦਿਆਂ ਇਕ ਮੋਟੀ ਜਿਹੀ ਗਾਲ ਹੋਰ ਕੱਢ ਦਿੱਤੀ "ਭੈਣ ਦੇ ਯਾਰ ਜਦੋਂ ਵੋਟਾਂ ਲੈਣ ਆਉਣਗੇ ਤਾਂ ਗੁੜ ਦਾ ਮੰਮਾਂ ਦੇਣਗੇ—ਅਖੇ ਜੀ ਅਸੀਂ ਮਹਿੰਗਾਈ ਹਟਾਵਾਂਗੇ—ਗਰੀਬੀ ਖਤਮ ਕਰਾਂਗੇ—ਪੁਲਸ ਕਿਸੇ ਨੂੰ ਨਜੈਜ ਤੰਗ ਨਾ ਕਰੂ—ਕੰਜਰੋ ਗੱਦੀਆਂ ਸਾਂਭ ਕੇ ਤਾਂ ਗਰੀਬਾਂ ਨੂੰ ਹੀ ਖਤਮ ਕਰਨ ਲੱਗੇ ਜਾਂਦੇ ਓ—।"

ਤਨਖਾਹਾਂ ਤੇ ਬੋਨਸ ਦੇ ਮਾਮਲੇ ਨੂੰ ਲੈ ਕੇ ਕਰੀਬ ਮਹੀਨੇ ਭਰ ਤੋਂ ਚੱਲ ਰਹੀ ਹੜਤਾਲ ਨੇ ਤਾਂ ਮੁਜ਼ਦੂਰਾਂ ਦੀ ਸ਼ਹਿਣਸ਼ੀਲਤਾ ਦੇ ਹੱਦਾਂ ਬੰਨੇ ਹੀ ਤੋੜ ਦਿੱਤੇ। ਸਰਕ਼ਾਰ ਨਾਲ ਗੱਲਬਾਤ ਦੇ ਕਈ ਦੋਰ ਚੱਲੇ, ਪਰ ਸਰਕਾਰ ਜਾਣ ਬੁੱਝ ਕੇ ਮਾਮਲੇ ਨੂੰ ਲਟਕਾਉਂਦੀ ਰਹੀ। ਮੰਗਾਂ ਜ਼ਾਇਜ ਸਨ ਹੜਤਾਲ ਦਾ ਨੇੜੇ ਦੇ ਸ਼ਹਿਰਾਂ ਵਿਚ ਵੀ ਫੈਲ ਜਾਣ ਦਾ ਡਰ ਸੀ। ਕੋਈ ਮੰਗ ਮੰਗੀ ਜਾਂਦੀ ਨਾ ਵੇਖ ਤੇ ਸਰਕਾਰ ਦਾ ਗਲਤ ਰਵੱਈਆ ਵੇਖ ਮਜ਼ਦੂਰ ਹੋਰ ਰੋਹ ਵਿਚ ਆ ਗਏ। ਕੋਈ ਹੱਲ ਨਾ ਵੇਖ ਮਜ਼ਦੂਰਾਂ ਮੁਲਾਜ਼ਮਾਂ ਨੇ ਸਾਂਝੀ ਐਕਸ਼ਨ ਕਮੇਟੀ ਬਣਾਕੇ ਬੰਦ ਤੇ ਘੇਰਾਉ ਕਰਨ ਦਾ ਐਲਾਨ ਕਰ ਦਿੱਤਾ। ਹੜਤਾਲ ਵਿਚ ਭਾਗ ਲੈਣ ਤੇ ਨੌਕਰੀ ਤੋਂ ਕੱਢ ਦੇਣ ਦਾ ਹੁਕਮ ਤਾਂ ਭਾਵੇਂ ਪਹਿਲੀ ਸਰਕਾਰ ਨੇ ਹੀ ਜਾਰੀ ਕਰ ਦਿੱਤਾ ਸੀ—ਪਰ ਮਹਿੰਗਾਈ ਤੇ ਜਬਰ ਜ਼ੁਲਮ ਦੇ ਸਤਾਏ ਲੋਕਾਂ ਨੇ ਕਿਸੇ ਕਾਲੇ ਕਾਨੂੰਨ ਦੀ ਰਤਾ ਪ੍ਰਵਾਹ ਨਾ ਕੀਤੀ।

ਸ਼ਹਿਰ ਦੀ ਹਰ ਦੀਵਾਰ ਹਰ ਚੌਰਾਹਾ ਲਾਲ਼ ਕਾਲੇ ਇਸ਼ਤਿਹਾਰਾਂ ਨੇ ਮੱਲ ਲੀਤਾ। ਅਗਲੇ ਹੀ ਦਿਨ ਐਕਸ਼ਨ ਕਮੇਟੀ ਦੀ ਕਾਲ ਤੇ ਕਰੀਬ ਤੀਹ ਹਜ਼ਾਰ ਮਜ਼ਦੂਰ ਮੁਲਾਜ਼ਮ ਸ਼ਹਿਰ ਦੇ ਅਜ਼ਾਦ ਮੈਦਾਨ ਵਿਚ ਇਕੱਠੇ ਹੋਏ ਦੋ ਚਾਰ ਤਕਰੀਰਾਂ ਹੋਣ ਤੋਂ ਬਾਦ ਲੋਕਾਂ ਦਾ ਸ਼ਾਂਤਮਈ ਜਲੂਸ, ਹੱਥਾਂ ਵਿਚ ਮੰਗਾਂ ਦੇ ਮਾਟੋ ਫੜੀ —ਨਾਅਰੇ ਮਾਰਦਾ ਡੀ. ਸੀ. ਦੀ ਕੋਠੀ ਵੱਲ ਨੂੰ ਹੋ ਤੁਰਿਆ। ਅਜੇ ਜਲੂਸ ਮੈਦਾਨ ਵਿਚੋਂ ਨਿਕਲਿਆ ਹੀ

ਸੀ ਕਿ ਪੁਲੀਸ ਭੁੱਖੇ ਬਘਿਆੜਾਂ ਵਾਂਗ ਜਲੂਸ ਤੇ ਟੁੱਟ ਪਈ। ਲੋਕਾਂ ਨੇ ਖਾਲੀ ਹੱਥੀਂ ਹੋਣ ਤੇ ਵੀ ਜਦ ਪੁਲਿਸ ਦੀਆਂ ਲਾਠੀਆਂ ਦਾ ਮੁਕਾਬਲਾ ਕੀਤਾ ਤਾਂ ਕੋਈ ਵਾਹ ਜਾਂਦੀ ਨਾ ਵੇਖ ਪੁਲੀਸ ਨੇ ਗੋਲੀ ਚਲਾ ਦਿੱਤੀ। ਚਾਰੇ ਪਾਸੇ ਹਾਹਾਕਾਰ ਮੱਚ ਗਈ 'ਰੋਟੀ—ਕੰਮ ਜਾਂ ਕੈਦ' ਦੇ ਨਾਅਰਿਆਂ ਨਾਲ ਅਕਾਸ਼ ਗੂੰਜ ਉਠਿਆ। ਪਲਾਂ ਵਿਚ ਹੀ ਜਲਿਆਂ ਵਾਲੇ ਬਾਗ ਦਾ ਖੂਨੀ ਸਾਕਾ ਰਚਾ ਦਿੱਤਾ ਗਿਆ। ਰੋਟੀ ਲਈ ਫਰਿਆਦ ਕਰਦੀਆਂ ਕਈ ਅਣਭੋਲ ਜਾਨਾਂ ਸਦਾ ਦੀ ਨੀਂਦ ਸੁਲਾ ਦਿੱਤੀਆਂ ਗਈਆਂ। ਚਾਰੇ ਪਾਸੇ ਪੁਲਸੀ ਜ਼ਬਰ ਦੀਆਂ ਗੱਲਾਂ ਹੋਣ ਲੱਗੀਆਂ। ਅਗਲੇ ਹੀ ਦਿਨ ਗੜਬੜ ਵਧਣ ਦੇ ਡਰੋਂ ਪੂਰੇ ਸ਼ਹਿਰ ਵਿਚ ਕਰਫਿਊ ਲਾ ਦਿੱਤਾ ਗਿਆ। ਅਗਾਂਊਂ ਹੀ ਕਿਸੇ ਵੀ ਖਤਰੇ ਦੇ ਟਾਕਰੇ ਲਈ ਕੇਂਦਰੀ ਪੁਲਸ ਤੇ ਬਾਡਰ ਪੁਲਸ ਦੀਆਂ ਟੁਕੜੀਆਂ ਥਾਂ ਥਾਂ ਤੇ ਤੈਨਾਤ ਕਰ ਦਿੱਤੀਆਂ ਗਈਆਂ। ਪੂਰੇ ਸ਼ਹਿਰ ਦਾ ਸਾਰਾ ਸਰਕਾਰੀ ਗੈਰ ਸਰਕਾਰੀ ਕੰਮ ਕਾਜ ਠੱਪ ਹੋ ਗਿਆ। ਰੇਡੀਓ-ਅਖ਼ਬਾਰ ਛੁੱਟ-ਪੁੱਟ ਘਟਨਾਵਾਂ ਹੋਣ ਤੋਂ ਬਿਨਾਂ ਸ਼ਹਿਰ ਵਿਚ ਪੂਰਣ ਸ਼ਾਂਤੀ' ਹੋਣ ਦੇ ਬਿਆਨ ਦਾਗ਼ਣ ਲੱਗੇ।

— — —

ਸੂਰਜ ਸਵੇਰ ਦੀਆਂ ਕਿਰਨਾਂ ਬਖੇਰ ਰਿਹਾ ਸੀ, ਜਿਵੇਂ ਹਰ ਮਜ਼ਲੂਮ ਨੂੰ ਸੁਨੇਹਾ ਦੇ ਰਿਹਾ ਹੋਵੇ ਕਿ ਕਿਵੇਂ ਹਨੇਰੇ ਨੂੰ ਜੜ੍ਹੋਂ ਪੁੱਟਣ ਲਈ ਖੁਦ ਨੂੰ ਜਲਾਉਣਾ ਪੈਂਦਾ ਹੈ। ਸੰਤੂ ਨੇ ਦਾਤੀ ਤੱਪੜ ਫੜਿਆ ਤੇ ਵਿਚਲੀ ਬੀਹੀ ਖੇਤਾਂ ਵੱਲ ਨੂੰ ਹੋ ਤੁਰਿਆ। ਸੋਚਾਂ ਵਿਚ ਮਗਨ ਹਰ ਆਉਂਦੇ ਜਾਂਦੇ ਤੋਂ ਬੇਖ਼ਬਰ ਚੁੱਪ ਚੁੱਪ।

ਮਨ ਹੀ ਮਨ ਉਸ ਬੀਤੇ ਦਸ ਸਾਲਾਂ ਦੀ ਕਹਾਣੀ ਯਾਦ ਕੀਤੀ ਕਿ ਕਿਵੇਂ ਕੁਲਦੀਪ ਤੇ ਉਸਦੇ ਅਨੇਕਾਂ ਸਾਥੀਆਂ ਨੂੰ ਨਕਸਲਬਾੜੀ ਚੋਰ ਡਾਕੂ ਆਖਕੇ ਝੂਠੇ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਉਸਨੇ ਉਦੋਂ ਦੇ ਹਾਲਾਤ ਦੀ ਤੁਲਨਾ ਅੱਜ ਦੇ ਹਾਲਾਤ ਨਾਲ ਕੀਤੀ ਤਾਂ ਸੀਨਾ ਲਰਜ਼ਾਕੇ ਰਹਿ ਗਿਆ। 'ਸਰੀਂਹ ਜਿੱਡਾ ਜੁਆਨ ਪੁੱਤ, ਕੀ ਕੀ ਆਸਾਂ ਹੁੰਦੀਆਂ ਨੇ ਪੁੱਤਾਂ ਤੇ। ਉਹ ਸੋਚਦਾ। ਸੋਚਿਆ ਸੀ ਦੀਪਾ ਪੜਕੇ ਲਿਖਕੇ ਕਿਸੇ ਕੰਮੇਂ ਲੱਗੂ ਤਾਂ ਭੈਣਾਂ ਦਾ ਭਾਰ ਹੌਲਾ ਕਰੂ ..ਪਰ...।' ਕੁਲਦੀਪ ਨੂੰ ਯਾਦ ਕਰਕੇ ਕਦੇ ਉਹ ਰੋ ਲੈਂਦਾ ਤੇ ਫਿਰ ਮਨ ਹੀ ਮਨ ਕੁਲਦੀਪ ਦੀਆਂ ਕੇਹੀਆਂ ਗੱਲਾਂ ਨੂੰ ਯਾਦ ਕਰਕੇ, ਮਨ ਨੂੰ ਧਰਵਾਸ ਦੇ ਲੈਂਦਾ। ਉਸਨੇ ਕਿੰਨੀਆਂ ਗੱਲਾਂ ਆਖੀਆਂ ਸਨ ਸੰਤੂ ਨੂੰ। 'ਅਖੇ ਬਾਪੂ—ਆਪਾਂ ਕੱਲੇ ਗਰੀਬ ਨਹੀਂ—ਇਥੇ ਹੋਰ ਵੀ ਸਾਡੇ ਕਰੋੜਾਂ ਗਰੀਬ ਭਰਾ ਹੈਨ—ਜਿਨ੍ਹਾਂ ਨੂੰ ਦੋ ਟੈਮ ਪੇਟ ਭਰ ਰੋਟੀ ਵੀ ਨਸੀਬ ਨਹੀਂ ਹੁੰਦੀ। ਬਾਪੂ ਉਨ੍ਹਾਂ ਦੀਆ ਭੈਣਾਂ ਦਾ ਭਾਰ ਕਿੰਜ ਹੌਲਾ ਹੋਊ? ਯਾਦ ਕਰ ਭਗਤ ਸਰਾਭੇ ਹੁਰਾਂ ਦਾ ਸੁਪਨਾ ਜੋ ਤੂੰ ਮੈਨੂੰ ਬਚਪਨ ਵਿਚ ਸੁਣਾਉਂਦਾ ਹੁੰਦਾ ਸੈਂ—ਕਿ ਅਸੀਂ ਉਨਾਂ ਚਿਰ ਚੈਨ ਨਾਲ ਨਹੀਂ ਬੈਠਾਂਗੇ-ਜਿੰਨਾ ਚਿਰ ਇਸ ਧਰਤੀ ਮਾਂ ਤੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ, ਭਾਵੇਂ ਇਸ ਬਦਲੇ ਸਨੂੰ ਕਿੰਨੇ ਵੀ ਤਸੀਹੇ ਕਿਉਂ ਨਾ ਝੱਲਣੇ ਪੈਣ। ਬਾਪੂ ਯਾਦ ਕਰ ਉਨ੍ਹਾਂ ਗਦਰੀ ਬਾਬਿਆਂ ਦੀਆਂ ਅਥਾਹ ਕੁਰਬਾਨੀਆਂ ਜਿਨ੍ਹਾਂ ਸਮੇਂ ਦੇ ਜਬਰ ਜੁਲਮ ਵਾਲੇ ਢਾਂਚੇ ਨਾਲ ਟੱਕਰ ਲਈ ਸੀ ਤੇ ਇਸ ਲੁਟੇਰੇ ਢਾਂਚੇ ਨੂੰ ਜੜ੍ਹਾਂ ਤੋਂ ਹਲੂਣ ਦਿੱਤਾ ਸੀ। ਆਉਣ ਵਾਲਾ ਭਵਿੱਖ ਕਿਰਤੀ ਮਨੁੱਖ ਦਾ ਹੈ ਬਾਪੂ, ਇਹ ਲੁਟੇਰਾ ਢਾਂਚਾ ਇਕ ਨਾ ਇਕ ਦਿਨ ਤਬਾਹ ਕਰ ਦਿੱਤਾ ਜਾਵੇਗਾ, ਪਰ ਇਸ ਮਹਾਨ ਕੰਮ ਲਈ ਅਨੇਕਾਂ ਭਗਤ ਸਰਾਭੇ ਚਾਹੀਦੇ ਨੇ ਤੇ ਮੈਂ ਉਨ੍ਹਾਂ ਸੂਰਮਿਆਂ ਦੇ ਕਦਮ ਚਿੰਨ੍ਹਾਂ ਤੇ ਚੱਲਣ ਦਾ ਪ੍ਰਣ ਕਰ ਲਿਐ।'' ਉਹ ਕੁਲਦੀਪ ਦੀਆਂ ਗੱਲਾਂ ਨੂੰ ਯਾਦ ਕਰਦਾ ਤਾਂ ਛਾਤੀ ਫਖਰ ਨਾਲ ਫੁਲਾ ਲੈਂਦਾ। ਉਹ ਯਾਦ ਕਰਦਾ ਗਿਆ, "ਕਿ ਬਾਪੂ ਇਹ ਆਏ ਸਾਲ ਕਰੋੜਾਂ ਰੁਪੈ ਖਰਚ ਕੇ ਜਿਸ ਅਜ਼ਾਦੀ ਦੇ ਜਸ਼ਨ ਮਨਾਏ ਜਾਂਦੇ ਨੇ—ਬਾਪੂ ਤੂੰ ਹੀ ਦੱਸ ਕੀ ਇਹ ਅਜ਼ਾਦੀ ਅਸਲੀ ਹੈ? ਬਾਪੂ—ਮਹਿੰਗਾਈ—ਜ਼ਬਰ ਜ਼ੁਲਮ—ਬੇਰੁਜ਼ਗਾਰੀ—ਕੀ ਇਹ ਅੰਗਰੇਜ਼ਾਂ ਦੇ ਵੇਲੇ ਤੋਂ ਵੀ ਕਿਤੇ ਵੱਧ ਨਹੀਂ? ਕੀ ਅੱਜ ਇੰਨਾਂ ਕਾਲੇ ਵਲੈਤੀਆਂ ਵੱਲੋਂ ਥਾਂ ਥਾਂ ਜਲਿਆਂ ਵਾਲੇ ਬਾਗ ਦੇ ਸਾਕੇ ਨਹੀਂ ਰਚੇ ਜਾ ਰਹੇ? ਕੀ ਹੱਕ ਸੱਚ ਦੀ ਅਵਾਜ਼ ਨੂੰ ਅੱਜ ਵੀ ਲਾਠੀਆਂ ਗੋਲੀਆਂ ਨਾਲ ਨਹੀਂ ਦਬਾਇਆ ਜਾ ਰਿਹਾ? ਹੋ ਰਿਹਾ ਹੈ! ਇਹ ਸਭ ਕੁਝ ਹੋ ਰਿਹਾ ਹੈ ਬਾਪੂ—ਪਹਿਲਾਂ ਨਾਲੋਂ ਵੀ ਕਿਤੇ ਵੱਧ ਜ਼ੋਰ ਸ਼ੋਰ ਨਾਲ ਹੋ ਰਿਹਾ ਹੈ। ਤੇ ਓਨਾ ਚਿਰ ਹੁੰਦਾ ਰਹੇਗਾ—ਜਿੰਨਾਂ ਚਿਰ ਦੂਜਿਆਂ ਦੀ ਮਿਹਨਤ ਤੇ ਜੀਣ ਵਾਲੇ ਵਿਹਲੜ ਲੋਟੂ ਖਤਮ ਨਹੀਂ ਕਰ ਦਿੱਤੇ ਜਾਂਦੇ। ਬਾਪੂ ਪਹਿਲਾਂ ਤਾਂ ਸਾਨੂੰ ਕੱਲਾ ਗੋਰਾ ਲੁੱਟਦਾ ਸੀ—ਹੁਣ ਕਾਲਾ ਗੋਰਾ ਦੋਵੇਂ, ਸਾਡੀ ਖੂਨ ਪਸੀਨੇ ਦੀ ਕਮਾਈ ਤੇ ਐਸ਼-ਅਰਾਮ ਦੀ ਜ਼ਿੰਦਗੀ ਬਿਤਾ ਰਹੇ ਨੇ। ਰਾਤ ਦਿਨ ਮਿਹਨਤ ਕਰਨ ਵਾਲਾ ਕਿਰਤੀ-ਕਿਸਾਨ ਦੋ ਟੈਮ ਪੇਟ ਭਰ ਰੋਟੀ ਵੀ ਨਹੀਂ ਖਾ ਸਕਦਾ। ਬਾਪੂ ਮੈਂ ਤਾਂ ਕਹਿਨਾਂ ਲਾਅਨਤ ਹੈ ਉਸ ਖੂਨ ਤੇ ਜੋ ਮਨੁਖਤਾ ਨੂੰ ਸੜਦੀ ਵੇਖਕੇ ਵੀ ਨਾ ਉਬਲੇ! ਬਾਪੂ ਜੇ ਤੈਨੂੰ ਮੇਰੇ ਇਸ ਰਾਹ ਤੁਰਨ ਦੀ ਯਾਦ ਆਵੇ ਤਾਂ ਉਸ ਮਹਾਨ ਪਿਤਾ ਨੂੰ ਯਾਦ ਕਰ ਲਵੀਂ—ਜਿਸ ਆਪਣੇ ਚਾਰ ਮਸੂਮ ਬੱਚੇ ਸ਼ਹੀਦ ਕਰਵਾਕੇ ਵੀ ਮੁਸਕਰਾਇਆ ਸੀ ਤੇ ਆਖਰ ਆਪ ਵੀ ਇਸੇ ਹੀ ਗਤ ਤੁਰ ਗਿਆ। ਬਾਪੂ ਯਾਦ ਰੱਖ ਜਿੰਨਾਂ ਚਿਰ ਇਹ ਉਚ ਨੀਚ ਦਾ ਅਮੀਰ ਗਰੀਬ ਦਾ ਪਾੜਾ ਖਤਮ ਨਹੀਂ ਕਰ ਦਿੱਤਾ ਜਾਂਦਾ— ਓਨਾਂ ਚਿਰ

ਅਜ਼ਾਦੀ ਦਾ ਕੋਈ ਅਰਥ ਨਹੀਂ। ਲੋਹੇ ਦੇ ਬਕਸੇ ਵਿਚ ਕਾਗਜ਼ ਦੀ ਪਰਚੀ ਤੁੰਨ ਕੇ ਇਹ ਪਾੜਾ ਕਦੇ ਵੀ ਖਤਮ ਨਹੀਂ ਹੋਣ ਲੱਗਾ। ਬਾਪੂ ਪਿਛਲੇ ਇੰਨਾਂ ਸਾਲਾਂ ਦੀ ਨਕਲੀ ਅਜ਼ਾਦੀ ਦਾ ਇਤਿਹਾਸ ਇਸ ਸੱਚ ਦੀ ਜ਼ਾਮਨੀ ਹੈ। ਤਾਂ ਫਿਰ ਇਨ੍ਹਾਂ ਵੱਟਾਂ ਵਟੋਰੂਆਂ ਕੋਲੋਂ ਲੋਕ ਭਲੇ ਦੀ ਆਸ ਕਾਹਦੀ। ਤੇ ਬਾਪੂ ਜਿੰਨਾਂ ਚਿਰ ਇਹ ਮਨੁੱਖ ਦੋਖੀ ਢਾਂਚਾ ਤਬਾਹ ਨਹੀਂ ਕਰ ਦਿੱਤਾ ਜਾਂਦਾ—ਓਨਾਂ ਚਿਰ ਅਨੇਕਾਂ ਭਗਤ ਸਰਾਭੇ ਪੈਦਾ ਹੁੰਦੇ ਰਹਿਣਗੇ ਤੇ ਆਖਰ ਇਕ ਨਾ ਇਕ ਦਿਨ ਇਹ ਲੋਟੂ ਜਾਬਰ ਢਾਂਚਾ ਤਬਾਹ ਕਰ ਦਿੱਤਾ ਜਾਵੇਗਾ ਅੱਛਾ ਬਾਪੂ ਸਮਾਂ ਮਿਲਿਆ ਤਾਂ ਜ਼ਰੂਰ ਮਿਲਾਂਗਾ—।"

ਤੇ ਸੰਤੂ ਨੂੰ ਲੱਗਾ ਜਿਵੇਂ ਹੁਣੇ ਹੀ ਦੀਪਾ ਉਹ ਦੇ ਨਾਲ ਤੁਰਿਆ ਆ ਰਿਹਾ ਸੀ। ਉਹ ਦੀਪੇ ਦੀਆਂ ਆਖਰੀ ਮਿਲਣੀਆਂ ਵੇਲੇ ਕਹੀਆਂ ਗੱਲਾਂ ਯਾਦ ਕਰਦਾ ਕਰਦਾ ਹਸ਼ਰੀ ਕੋਲ ਆ ਪਹੁੰਚਿਆ। ਉਸ ਇਕ ਲੰਬਾ ਸਾਹ ਭਰਿਆ, ਉੱਖਰ ਸੂਰਜ ਵੱਲ ਨਿਗਾਹ ਮਾਰੀ ਤੇ ਪਟੜੀ ਉੱਪਰ ਨੂੰ ਹੋ ਕਿੱਕਰ ਦੀ ਛਾਵੇਂ ਬੈਠ ਗਿਆ ਤਾਂ ਉਸਨੂੰ ਇਸੇ ਹਸ਼ਰੀ ਤੇ ਚੜ੍ਹਦੇ ਵੱਲ ਦੋ ਕੁ ਮੀਲ ਤੇ ਕੁਲਦੀਪ ਤੇ ਉਸਦੇ ਦੋ ਸਾਥੀਆਂ ਦੇ ਪੁਲਸ ਹੱਥੋਂ ਸ਼ਹੀਦ ਹੋਣ ਦੀ ਘਟਨਾ ਨੇ ਫਿਰ ਆ ਘੇਰਿਆ। ਕੁਲਦੀਪ ਹੁਰਾਂ ਦੇ ਸ਼ਹੀਦ ਹੋਣ ਤੋਂ ਲੈ ਕੇ ਕੱਲ ਰਾਹੋਂ ਤੱਕ ਦੇ ਦਸਾਂ ਬਾਰਾਂ ਸਾਲਾਂ ਦੀ ਕਹਾਣੀ ਉਸਦੇ ਜ਼ਿਹਨ ਵਿਚੋਂ ਗੁਜ਼ਰਦੀ ਗਈ।

"ਉਸਨੂੰ ਭਾਰਤ ਦੇ ਪੱਛਮ ਵੱਲ ਸਥਿੱਤ ਬੰਗਾਲ ਸੂਬੇ ਦੇ ਕਿਰਤੀ ਕਿਸਾਨਾਂ ਦੀ ਜਗੀਰਦਾਰਾਂ ਹੱਥੋਂ ਲੁੱਟ ਖਸੁੱਟ ਤੇ ਜਬਰ ਜ਼ੁਲਮ ਬਾਰੇ ਸੁਣੀ ਕਹਾਣੀ ਯਾਦ ਆਈ। ਤੇ ਫਿਰ ਉਸੇ ਸੂਬੇ ਦੇ ਛੋਟੇ ਜਿਹੇ ਇਲਾਕੇ ਨਕਸਲਬਾੜੀ ਦੇ ਕਿਰਤੀ ਕਿਸਾਨਾਂ ਵੱਲੋਂ 'ਜ਼ਮੀਨ ਹਲ ਵਾਹਕ ਦੀ' ਦੇ ਨਾਅਰੇ ਹੇਠ ਜਗੀਰਦਾਰਾਂ ਦੀਆਂ ਹਜ਼ਾਰਾਂ ਏਕੜ ਜ਼ਮੀਨਾਂ ਤੇ ਕਬਜ਼ਾ—ਜਗੀਰਦਾਰਾਂ ਤੇ ਉਥੋਂ ਦੀ ਇਨਕਲਾਬੀ ਬੁਰਕੇ ਹੇਠ ਛੁਪੀ ਸਰਕਾਰ ਵੱਲੋਂ ਕਿਰਤੀ ਕਿਸਾਨਾਂ ਤੇ ਜਬਰ ਜ਼ੁਲਮ ਸਾਰੇ ਭਾਰਤ ਵਿਚ ਲੋਕਾਂ ਵੱਲੋਂ ਇਨ੍ਹਾਂ ਕਿਰਤੀ ਕਿਸਾਨਾ ਦੀ ਹਮੈਤ ਵਿਚ ਉੱਠ ਖੜੇ ਹੋਣਾ—ਸਰਕਾਰ ਵੱਲੋਂ ਥਾਂ ਥਾਂ ਤੇ ਨਕਸਲਬਾੜੀ ਘੋਲ ਦੇ ਹਮੈਤੀਆਂ ਨੂੰ ਗੋਲੀਆਂ ਨਾਲ ਭੁੰਨਣਾ—ਮਜ਼ਲੂਮ ਲੋਕਾਂ ਉੱਤੇ ਪੁਲਸੀ ਜਬਰ—ਉਸ ਪਿੱਛੋਂ ਤਿੰਨ ਵਾਰ ਸਰਕਾਰਾਂ ਦਾ ਬਦਲਣਾ, ਪਰ ਮਹਿੰਗਾਈ—ਜਬਰ ਜ਼ੁਲਮ —ਬੇਰੁਜ਼ਗਾਰੀ ਵਿਚ ਅਥਾਹ ਵਾਧਾ—।" ਉਸ ਸੋਚਿਆ ਆਖਰ ਇਹ ਨਾਟਕ ਕਿੰਨਾਂ ਕੁ ਚਿਰ ਚੱਲਦਾ ਰਹੇਗਾ ?

ਉਸ ਨੂੰ ਕਿੱਕਰ ਦੀ ਛਾਵੇਂ ਬੈਠੇ ਬੈਠੇ ਨੂੰ ਧੁੱਪ ਆ ਗਈ ਸੀ। ਉਸ ਨਜ਼ਰਾਂ ਉਤਾਂਹ ਚੁੱਕੀਆਂ, ਪਿੰਡ ਵੱਲ ਨਿਗਾਹ ਮਾਰੀ ਤਾਂ ਉਸਨੂੰ ਲੱਗਾ ਜਿਵੇਂ ਸਾਰਾ ਪਿੰਡ ਜਲੂਸ ਦੀ ਸ਼ਕਲ ਵਿਚ ਨਾਅਰੇ ਮਾਰਦਾ ਆ ਰਿਹਾ ਹੋਵੇ। ਉਸ ਦਾਤੀ ਵਾਲਾ ਮੁੱਕਾ ਹਵਾ ਵਿਚ ਲਹਿਰਾਇਆ ਤੇ 'ਇਨਕਲਾਬ-ਜ਼ਿੰਦਾਬਾਦ' ਦਾ ਨਾਅਰਾ ਮਾਰਦਾ ਖੇਤਾਂ ਵੱਲ ਨੂੰ ਹੋ ਤੁਰਿਆ। ○

---

ਇਕ ਨਾਟਕ

## ਆਦਮੀ ਦਾ ਮਾਸ

**○ ਅਸਗਰ ਵਜਾਹਤ**

(ਮੌਲਵੀ ਅਤੇ ਪੰਡਤ ਦੋਵੇਂ ਉਦਾਸ ਬੈਠੇ ਹਨ।)

ਮੌਲਵੀ–ਪੰਡਤ ਜੀ, ਉਦਾਸ ਕਿਉਂ ਬੈਠੇ ਹੋ ?

ਪੰਡਤ–ਕੋਈ ਨਹੀਂ ਪੁੱਛਦਾ ਅੱਜ ਕਲ੍ਹ।

ਮੌਲਵੀ–ਜ਼ਮਾਨਾ ਵਿਗੜਦਾ ਜਾ ਰਿਹਾ ਹੈ ਭਾਈ। ਨਾ ਕੋਈ ਮੰਦਰ ਆਉਂਦਾ ਹੈ ਨਾ ਮਸਜਦ। ਇਹੋ ਹਾਲ ਰਿਹਾ ਤਾਂ ਸਾਨੂੰ ਕਰਿਆਨੇ ਦੀਆਂ ਦੁਕਾਨਾਂ ਖੋਲ੍ਹਣੀਆਂ ਪੈ ਜਾਣਗੀਆਂ। ਪਰ...

ਪੰਡਤ–ਇਹੋ ਜਿਹੀ ਬਦਅਸੀਸ ਨਾ ਦੇਵੋ ਮੌਲਵੀ ਜੀ... ਕਿੱਥੋਂ ਪਰਚੂਨ ਦੀ ਦੁਕਾਨ ਕਿੱਥੇ ਅਸੀਂ ?. ਸਾਨੂੰ ਤਾਂ ਜਜਮਾਨ ਆ ਕੇ ਦੇ ਜਾਂਦੇ ਸਨ।

ਮੌਲਵੀ–ਮੈਨੂੰ ਵੀ ਤਾਂ ਮੁਰੀਦ ਆ ਕੇ ਦੇ ਜਾਂਦੇ ਸਨ।

(ਹਾਏ ! ਪਰ ਹੁਣ ਕੋਈ ਨਹੀਂ ਦੇਂਦਾ—ਦਾ ਨਾਅਰਾ ਲਾਕੇ ਦੋਵੇਂ ਰੋਣ ਲੱਗ ਪੈਂਦੇ ਹਨ।

(ਮੰਚ ਉੱਤੇ ਇਕ ਹਿੰਦੂ ਲੀਡਰ ਅਤੇ ਇਕ ਮੁਸਲਮਾਨ ਲੀਡਰ ਆਉਂਦੇ ਨਜ਼ਰ ਪੈਂਦੇ ਹਨ। ਇਹਨਾਂ ਨੂੰ ਵੇਖਕੇ ਪੰਡਤ ਅਤੇ ਮੁਲਾਂ ਇਕ ਕੋਨੇ ਵਿਚ ਬੈਠ ਜਾਂਦੇ ਹਨ।)

ਮੁਸਲਮਾਨ ਲੀਡਰ–ਚੁੱਟਕੀ ਵਕਤ ਲੰਘ ਗਿਆ। ਕੰਮ ਕੋਈ ਹੋਇਆ ਨਹੀਂ।

ਹਿੰਦੂ ਲੀਡਰ–ਕੰਮ ਕੋਈ ਹੋਇਆ ਨਹੀਂ। ਚੋਣਾਂ ਫਿਰ ਸਿਰ ਤੇ ਹਨ।

ਮੁ. ਲੀਡਰ–ਚੋਣਾਂ ਹਾਰ ਗਏ ਤਾਂ ਕੀ ਬਣੂੰਗਾ ?

ਹਿੰ. ਲੀਡਰ–ਫਿਰ ਉਹੀ ਛਿੱਤਰ-ਪੌਲਾ।

ਮੁ. ਲੀਡਰ–ਇਹ ਨਾ ਕਹੋ ਪੰਡਤ ਜੀ, ਦਿਲ ਡਰ ਜਾਂਦੈ।

ਹਿੰ. ਲੀਡਰ–ਮੇਰਾ ਵੀ ਦਿਲ ਕੰਬ ਜਾਂਦਾ ਹੈ।

ਮੁ. ਲੀਡਰ–ਓਏ ! ਤੂੰ ਹਿੰਦੀ ਬੋਲ ਰਿਹਾ ਹੈਂ? ਮੈਂ ਹਿੰਦੀ ਵਾਲਿਆਂ ਨਾਲ ਨਫ਼ਰਤ ਕਰਦਾ ਹਾਂ।

ਹਿੰ. ਲੀਡਰ–ਓਏ ! ਤੂੰ ਤੁਰਕਾਂ ਦੀ ਭਾਸ਼ਾ ਬੋਲ ਰਿਹਾ ਏ ਮੈਂ ਤੁਰਕਾਂ ਨਾਲ ਨਫ਼ਰਤ ਕਰਦਾ ਹਾਂ।

ਮੁ. ਲੀਡਰ–ਓਏ ! ਮੈਂ ਹਿੰਦੂਆਂ ਨੂੰ ਮਾਰ ਦੇਵਾਂਗਾ ।
ਹਿੰ. ਲੀਡਰ–ਓਏ ! ਮੈਂ ਮੁਸਲਮਾਨ ਵੱਢ ਦੇਵਾਂਗਾ ।
ਮੁ. ਲੀਡਰ–ਮੇਰੇ ਹਲਕੇ ਵਿਚ ਮੁਸਲਮਾਨ ਬਹੁਤੇ ਹਨ ਪਰ ਸਭ ਮੇਰੇ ਨਾਲ ਨਰਾਜ਼ ਨੇ ।
ਹਿੰ. ਲੀਡਰ–ਮੇਰੇ ਚੋਣ ਖੇਤਰ ਵਿੱਚ ਹਿੰਦੂ ਬਹੁਤ ਹਨ ਪਰ ਸਭ ਮੇਰੇ ਨਾਲ ਘਿਰਣਾ ਕਰਦੇ ਹਨ ।
ਦੋਵੇਂ ਮਿਲਕੇ :—ਅਸੀਂ ਲੀਡਰ ਹਾਂ, ਅਸੀਂ ਨਫਰਤ ਨੂੰ ਪਿਆਰ ਵਿੱਚ ਬਦਲਣਾ ਜਾਣਦੇ ਹਾਂ । (ਠਹਿਰ ਕੇ) ਕਲ੍ਹ ਤਕ ਸਾਨੂੰ ਜੋ ਨਫਰਤ ਸੀ ਕਰਦੇ, ਉਹੀ ਕਲ੍ਹ ਸਾਨੂੰ ਪਿਆਰ ਕਰਨਗੇ—ਕਿਉਂਕਿ ਅਸੀਂ ਉਹਨਾਂ ਨੂੰ ਰਾਹਤ ਸਮੱਗਰੀ ਵੰਡਾਂਗੇ ।
ਮੁ. ਲੀਡਰ :—ਅੱਲਾ ਹੋ ਅਕਬਰ...
ਹਿੰ. ਲੀਡਰ:—ਹਰ ਹਰ ਮਹਾਦੇਵ...

(ਮੁਲਾਂ ਤੇ ਪੰਡਤ ਦੌੜਦੇ ਹੋਏ ਆਉਂਦੇ ਹਨ ਅਤੇ ਮੁਲਾਂ ਮੁਸਲਮਾਨ ਲੀਡਰ ਦੇ ਅਤੇ ਪੰਡਤ ਹਿੰਦੂ ਲੀਡਰ ਦੇ ਸਾਹਮਣੇ ਬੈਠ ਕੇ ਕਹਿੰਦੇ ਹਨ ।)

ਮੌਲਵੀ:–(ਮੁ.ਲੀਡਰ ਨੂੰ) ਕੁਝ ਕੰਮ ਮੈਨੂੰ ਵੀ ਦੇਵੋ ਜਨਾਬੇਆਲੀ ।
ਪੰਡਤ :—ਹਿੰ. ਲੀਡਰ ਨੂੰ) ਕੁਝ ਕੰਮ ਮੈਨੂੰ ਦੇਵੋ ਸ੍ਰੀ ਮਾਨ ਜੀ ।
ਦੋਵੇਂ ਲੀਡਰ:–ਉੱਠੋ ਧਰਮ ਦੇ ਠੇਕੇਦਾਰੋ ਅਤੇ ਨਫਰਤ ਨੂੰ ਮੁਹਬਤ ਵਿੱਚ ਬਦਲ ਦੇਵੋ । ਅਸੀਂ ਤੁਹਾਨੂੰ ਖੁਆਕੇ ਖਾਵਾਂਗੇ, ਤੁਹਾਨੂੰ ਪਹਿਨਾਕੇ ਪਹਿਨਾਂਗੇ ।
ਮੌਲਵੀ:–(ਜੋਸ਼ੀਲਾ ਭਾਸ਼ਨ ਦੇਣ ਦੇ ਅੰਦਾਜ਼ ਵਿੱਚ) ਮੁਸਲਮਾਨ ਭਰਾਵੋ ਤੁਸੀਂ ਪਿਘਲਿਆ ਹੋਇਆ ਲਾਵਾ ਹੋ, ਤੁਸੀਂ ਅੱਗ ਦਾ ਸਮੁੰਦਰ ਹੋ, ਜੋਸ਼ ਦੀ ਹਨੇਰੀ ਹੋ, ਤੁਸੀਂ ਇਸਲਾਮ ਦੇ ਸੱਚੇ ਸਿਪਾਹੀ ਹੋ । ਕਾਫ਼ਰ ਹਿੰਦੂਆਂ ਨੂੰ ਖਾਕ ਵਿੱਚ ਮਿਲਾ ਦੇਵੋਂ ...ਅੱਲਾ ਹੋ ਅਕਬਰ...
ਪੰਡਤ:—(ਉਸੇ ਤਰੀਕੇ ਨਾਲ) ਹਿੰਦੂਆਂ ਦੇ ਰਾਖਿਓ, ਆਰੀਆਂ ਦੇ ਪੁੱਤਰਾਂ, ਉੱਠੋ ਅਤੇ ਮੱਥੇ ਤੋਂ ਕਲੰਕ ਮਿੱਟਾ ਦਿਓ । ਪਾਪੀ ਮੁਸਲਿਆਂ ਨੂੰ ਦੇਸ਼ 'ਚੋਂ ਬਾਹਰ ਕੱਢ ਦਿਓ...ਕਿਉਂਕਿ ਇਹਨਾਂ ਨੇ ਆਪਣੇ ਲਈ ਪਾਕਿਸਤਾਨ ਬਣਵਾ ਲਿਆ ਹੈ ।

(ਮੰਚ ਤੇ ਦੋ ਪੂੰਜੀਪਤੀ ਆਉਂਦੇ ਹਨ । ਇਕ ਮੁਸਲਮਾਨ ਹੈ ਅਤੇ ਇਕ ਹਿੰਦੂ ਹੈ ।)

ਮੁ.ਪੂੰਜੀਪਤੀ:—ਕੀ ਹਨੇਰ ਪੈ ਗਿਆ ਹੈ ।
ਹਿੰ. ਪੂੰਜੀਪਤੀ:—ਸਾਲੇ ਆਖਦੇ ਹਨ ਮਜ਼ਦੂਰ ਏਕਤਾ ਜ਼ਿੰਦਾਬਾਦ ।
ਮੁ. ਪੂੰਜੀਪਤੀ:—ਇਸ ਦੇ ਬਾਦ ਮੰਗ ਪੱਤਰ । ਹੌਲੀ ਕੰਮ । ਘਿਰਾਉ । ਧਰਨੇ । ਹੜਤਾਲ ।
ਹਿੰ. ਪੂੰਜੀਪਤੀ:—ਜੇ ਮਜ਼ਦੂਰ ਏਕਤਾ ਜ਼ਿੰਦਾਬਾਦ ਹੋ ਗਈ ਤਾਂ ਆਪਣਾ ਕੀ ਬਣੂ ? ਕਾਰਖਾਨੇ ਬੰਦ ਹੋ ਜਾਣਗੇ ।
ਮੁ. ਪੂੰਜੀਪਤੀ:–ਲੇਕਿਨ ਜੇ ਹਿੰਦੂ ਮੁਸਲਮਾਨ ਏਕਤਾ ਨਹੀਂ ਹੁੰਦੀ ਤਾਂ...
ਹਿ. ਪੂੰਜੀਪਤੀ:—ਤਾਂ ਤੇ ਆਪਣੇ ਵਾਰੇ-ਨਿਆਰੇ ਨੇ ।
ਮੁ. ਪੂੰਜੀਪਤੀ—ਤਾਂ ਆਉ ਗੌਰ ਕਰੀਏ ।
ਹਿੰ. ਪੂੰਜੀਪਤੀ:—ਆਉ ਵਿਚਾਰ ਕਰੀਏ ।

(ਅਚਾਨਕ ਹਿੰਦੂ ਮੁਸਲਮਾਨ ਲੀਡਰ ਖੜੇ ਹੋ ਜਾਂਦੇ ਹਨ ।

ਹਿੰ. ਲੀਡਰ:— ਤੁਹਾਡਾ ਉੱਲੂ ਅਸੀਂ ਸਿੱਧਾ ਕਰ ਸਕਦੇ ਹਾਂ ।
ਮੁ: ਲੀਡਰ :—ਮਜ਼ਦੂਰਾਂ ਦੀ ਐਸੀ-ਤੈਸੀ ਹੋ ਜਾਵੇਗੀ ।
ਹਿੰ: ਲੀਡਰੀ—ਹਿੰਦੂ ਏਕਤਾ ਜ਼ਿੰਦਾਬਾਦ ਹੋਵੇਗੀ ।
ਮੁ: ਲੀਡਰੀ—ਮੁਸਲਮਾਨ ਏਕਤਾ ਜ਼ਿੰਦਾਬਾਦ ਹੋਵੇਗੀ ।
ਹਿੰ. ਪੂੰਜੀਪਤੀ–ਅਸੀਂ ਤਿਆਰ ਹਾਂ ।
ਮੁ. ਪੂੰਜੀਪਤੀ–ਅਸੀਂ ਤਿਆਰ ਹਾਂ ।
ਹਿੰ.ਲੀਡਰੀ:—ਪਰ ਇਸ ਲਈ ਖਰਚ ਹੋਣਗੇ ਪੈਸੇ ।
ਮੁ. ਪੂੰਜੀਪਤੀ:—ਅਸੀਂ ਲਾਵਾਂਗੇ ਪੈਸੇ ਕਿਉਂਕਿ ਸਾਡਾ ਧੰਦਾ ਵਧੇਗਾ ।

(ਮੰਚ ਤੇ ਦੋ ਬਦਮਾਸ਼ ਠਮਕੇ ਮਾਰਕੇ ਹੱਸਦੇ ਆਉਂਦੇ ਹਨ ।)

ਬਦਮਾਸ਼ :–ਪਟਰ ਪਟਰ ਬੋਲਣ ਨਾਲ ਹੀ ਕੰਮ ਨਹੀਂ ਚਲਣਾ ਮੁਲਾਂ ਅਤੇ ਪੰਡਤ ਜੀ ! ਅੱਗ ਤਾਂ ਅਸੀਂ ਹੀ ਲਾਵਾਂਗੇ, ਗੋਲੀਆਂ ਵੀ ਅਸੀਂ ਹੀ ਚਲਾਵਾਂਗੇ, ਤੇਜ਼ਾਬ ਦੀਆਂ ਬੋਤਲਾਂ ਵੀ ਅਸੀਂ ਹੀ ਸੁੱਟਾਂਗੇ । ਔਰਤਾਂ ਦੀਆਂ ਛਾਤੀਆਂ ਕੌਣ ਵੱਢੇਗਾ ? ਅਸੀਂ ਹੀ ਸਾਰੇ । ਔਰਤਾਂ, ਬੱਚਿਆਂ ਤੇ ਬੁੱਢਿਆਂ ਨੂੰ ਜਿਊਂਦਾ ਕੌਣ ਸਾੜੇਗਾ । ਕਦੀ ਵਰਦੀ ਪਾ ਕੇ ਅਤੇ ਕਦੀ ਵਰਦੀ ਲਾਹ ਕੇ ਕੌਣ ਆਵੇਗਾ ? ਲੀਡਰਾਂ ਨੂੰ ਸਾਡੀ ਵੀ ਤਾਂ ਸਲਾਹ ਲੈਣੀ ਚਾਹੀਦੀ ਹੈ ।
ਹਿੰਦੂ ਮੁ. ਲੀਡਰ–ਆਓ ਸ਼ੇਰੋ, ਆਵੋ ।
ਹਿੰ. ਲੀਡਰ–ਤੁਸੀਂ ਤਾਂ ਸਾਡੇ ਅਸਤਰ ਹੋ ਸ਼ੇਰੋ ।
ਮੁ. ਲੀਡਰ–ਤੁਸੀਂ ਤਾਂ ਸਾਡੀ ਤੇਗ ਹੋ ਬਹਾਦਰੋ
ਹਿੰ. ਲੀਡਰ–ਪਰ ਕੀਤਾ ਕੀ ਜਾਵੇ ?
ਮੁ. ਲੀਡਰ–ਉਹੋ ਪੁਰਾਣੀ ਤਰਕੀਬ ।
ਹਿੰ. ਲੀਡਰ–ਕੀ ?
ਮੁ. ਲੀਡਰ–ਗਾਂ ਦਾ ਗੋਸ਼ਤ ।
ਹਿੰ. ਲੀਡਰ–ਰਾਮ-ਰਾਮ...(ਰੁੱਕ ਕੇ) ਸੂਰ ਦਾ ਗੋਸ਼ਤ ।
ਮੁ. ਲੀਡਰ–ਤੋਬਾ ਤੋਬਾ ।

ਬਦਮਾਸ਼-ਇਹ ਤਰਕੀਬ ਪੱਕੀ ਹੈ ਅਤੇ ਸੋਲਾਂ ਆਨੇ ਸੱਚੀ ਹੈ (ਦੂਸਰੇ ਬਦਮਾਸ਼ ਨੂੰ) ਜਾਹ ਓਏ ਲਿਆ ਜਾ ਕੇ।

(ਦੂਸਰਾ ਬਦਮਾਸ਼ ਚਲੇ ਜਾਂਦਾ ਹੈ)

ਮੁ. ਲੀਡਰ-ਫਿਰ ਮੈਂ ਚੰਦਾ ਇਕੱਠਾ ਕਰਾਂਗਾ। ਫਸਾਦ ਵਿੱਚ ਮਾਰੇ ਮੁਸਲਮਾਨਾਂ ਦਾ ਫਤੇਹਾ ਕਰਾਉਂਗਾ।

ਮੌਲਵੀ-ਫਤੇਹਾ ਮੈਂ ਪੜ੍ਹਾਂਗਾ।

ਮੁ. ਲੀਡਰ-ਜ਼ਰੂਰ, ਜ਼ਰੂਰ ਹੋਰ ਕੌਣ ਪੜ੍ਹੇਗਾ ਮੌਲਵੀ ਸਾਹਬ।

ਹਿੰ. ਲੀਡਰ-ਮੈਂ ਵੀ ਚੰਦਾ ਇਕੱਠਾ ਕਰਾਂਗਾ ਫਿਰ ਮੈਂ ਯੱਗ ਕਰੂੰਗਾ।

ਪੰਡਤ-ਯੱਗ ਮੈਂ ਕਰੂੰਗਾ।

ਹਿੰ. ਲੀਡਰ-ਹਾਂ, ਹਾਂ, ਪੰਡਤ ਜੀ, ਤੁਸੀਂ ਹੀ ਕਰੋਗੇ।

ਹਿੰ. ਲੀਡਰ ਤੇ ਮੁਸਲਮਾਨ ਲੀਡਰ-ਵਾਹ! ਵਾਹ! ਚੰਦੇ ਰਾਹਤ ਦੇ ਕੰਮ, ਲੁਟਮਾਰ, ਅਫਸਰਾਂ ਦੇ ਦੌਰੇ, ਹਮਦਰਦੀ ਦੇ ਦੋ ਸ਼ਬਦ ਹੀ ਲੋਕਾਂ ਦਾ ਦਿਲ ਜਿੱਤ ਲੈਣਗੇ। (ਠਹਿਰਕੇ ਪੰਜੇ ਕਹਿੰਦੇ ਹਨ)–ਨਫ਼ਰਤ ਪਿਆਰ ਵਿੱਚ ਬਦਲ ਜਾਵੇਗੀ।

(ਦੂਸਰਾ ਬਦਮਾਸ਼ ਦੋ ਥੈਲੇ ਲਈ ਆਉਂਦਾ ਹੈ। ਇਕ ਮੌਲਵੀ ਨੂੰ ਦੇ ਦੇਂਦਾ ਹੈ ਅਤੇ ਦੂਸਰੀ ਪੰਡਤ ਨੂੰ।]

ਪੰਡਤ-ਇਸ ਥੈਲੇ ਵਿੱਚ ਕੀ ਹੈ?

ਦੂਸਰਾ ਬਦਮਾਸ਼-ਗਾਂ ਦਾ ਮਾਸ।

ਪੰਡਤ-ਰਾਮ, ਰਾਮ (ਕਹਿਕੇ ਥੈਲਾ ਛੱਡ ਦੇਂਦਾ ਹੈ।

ਮੌਲਵੀ-ਇਸ ਥੈਲੇ ਵਿੱਚ ਕੀ ਹੈ?

ਦੂਸਰਾ ਬਦਮਾਸ਼-ਸੂਰ ਦਾ ਮਾਸ।

ਮੌਲਵੀ-ਤੋਬਾ ਤੋਬਾ (ਥੈਲਾ ਸੁੱਟ ਦੇਂਦਾ ਹੈ)

ਹਿੰ. ਲੀਡਰ-ਪੰਡਤ ਜੀ ਐਨਾ ਡਰਕੇ ਕੰਮ ਥੋੜਾ ਹੁੰਦੇ ਨੇ। ਤੁਸੀਂ ਇਹ ਗਾਂ ਦਾ ਮਾਸ ਲੈ ਜਾਵੋ ਅਤੇ ਮੰਦਰ ਵਿਚ ਸੁੱਟ ਦੇਵੋ। ਤੁਹਾਡੇ ਤੇ ਕੌਣ ਸ਼ੱਕ ਕਰੇਗਾ।

ਮੁ. ਲੀਡਰ-ਮੌਲਵੀ ਸਾਹਬ, ਤੁਸੀਂ ਇਹ ਸੂਰ ਦਾ ਮਾਸ ਲੈ ਜਾਵੋ ਅਤੇ ਮਸੀਤ ਵਿੱਚ ਸੁੱਟ ਦੇਵੋ, ਤੁਹਾਡੇ ਤੇ ਕੌਣ ਸ਼ੱਕ ਕਰੇਗਾ?

(ਮੌਲਵੀ ਤੇ ਪੰਡਤ ਥੋੜਾ ਜਿਹਾ ਸੋਚਕੇ ਥੈਲੇ ਚੁੱਕ ਲੈਂਦੇ ਹਨ। ਮੰਚ ਤੋਂ ਸਭ ਚਲੇ ਜਾਂਦੇ ਹਨ। ਫਿਰ ਮੰਚ ਤੇ ਇਕ ਪਾਸੇ ਤੋਂ ਕੁਝ ਹਿੰਦੂ ਤੇ ਦੂਸਰੇ ਪਾਸੇ ਤੋਂ ਕੁਝ ਮੁਸਲਮਾਨ ਆਉਂਦੇ ਹਨ। ਹਿੰਦੂਆਂ ਦੇ ਅੱਗੇ ਪੰਡਤ, ਅਤੇ ਬਦਮਾਸ਼ ਹੈ। ਮੁਸਲਮਾਨਾਂ ਦੇ ਅੱਗੇ ਮੁਸਲਮਾਨ ਲੀਡਰ, ਬਦਮਾਸ਼ ਅਤੇ ਮੌਲਵੀ ਹੈ।)

ਹਿੰ. ਲੀਡਰ-ਹਰ ਹਰ ਮਹਾਦੇਵ ਜੀ।

ਉਸਦੇ ਨਾਲ ਦੇ-ਜੈ।

ਮੁ. ਲੀਡਰ-ਨਾਰਾ-ਏ-ਤਦਬੀਰ।

ਉਸਦੇ ਨਾਲ ਦੇ-ਅੱਲਾ ਹੋ ਅਕਬਰ।

ਮੁ. ਲੀਡਰ-ਸਾਡੀ ਮਸੀਤ ਵਿੱਚ ਸੂਰ ਦਾ ਮਾਸ ਹਿੰਦੂਆਂ ਨੇ ਸੁਟਿਆ ਏ।

ਹਿ-ਲੀਡਰੀ—ਸਾਡੇ ਮੰਦਰ ਵਿੱਚ ਗਾਂ ਦਾ ਮਾਸ ਮੁਸਲਮਾਨਾਂ ਨੇ ਸੁਟਿਆ ਏ।

ਦੋਵੇਂ ਦਲ :-ਮਾਰੋ ਮਾਰੋ...ਅੱਲਾ ਹੋ ਅਕਬਰ, ਹਰ ਹਰ ਮਹਾਦੇਵ।

[ਅਚਾਨਕ ਇਕ ਆਦਮੀ ਦੋਵਾਂ ਦਲਾਂ ਵਿੱਚ ਕੁੱਦ ਕੇ ਆ ਜਾਂਦਾ ਹੈ।)

ਆਦਮੀ:-(ਜ਼ੋਰ ਨਾਲ) ਠਹਿਰ ਜਾਵੋ, ਰੁਕੋ, ਗੱਲ ਤਾਂ ਸੁਣ ਲਵੋ। ਲੜਨ ਲਈ ਤੁਸੀਂ ਸਾਰੇ ਤਿਆਰ ਹੋਕੇ ਆਏ ਹੋ। ਪੁਲੀਸ ਨੂੰ ਤੇ ਤਹਾਡੇ ਲੀਡਰ ਨੂੰ ਔਹ ਸਾਹਮਣੇ ਟਾਹਲੀ ਦੇ ਰੁੱਖ ਕੋਲ ਖੜਾ ਕਰ ਦਿੱਤਾ ਹੈ। (ਥਾਂ ਲਈ ਇਸ਼ਾਰਾ ਬਦਲ ਸਕਦਾ ਹੈ।) ਪਰ ਇੱਕ ਗੱਲ ਤਾਂ ਸੁਣ ਲਵੋ। ਮੈਨੂੰ ਵਿਖਾਓ ਕਿ ਗਾਂ ਤੇ ਸੂਰ ਦਾ ਮਾਸ ਕਿੱਥੇ ਹੈ?

(ਉਸ ਦੇ ਸਾਹਮਣੇ ਦੋ ਥੈਲੇ ਆ ਕੇ ਡਿੱਗਦੇ ਹਨ। ਉਹ ਝੁਕਕੇ ਦੋਵਾਂ ਨੂੰ ਵੇਖਦਾ ਹੈ।)

ਆਦਮੀ:-(ਸਿੱਧਾ ਹੋਕੇ) ਇਹਨਾਂ ਦੋਵਾਂ ਥੈਲਿਆਂ ਵਿੱਚ ਤਾਂ ਆਦਮੀ ਦਾ ਮਾਸ ਹੈ।

ਬਹੁਤ ਸਾਰੇ ਲੋਕ:-(ਚੌਂਕਕੇ) ਆਦਮੀ ਦਾ ਮਾਸ।

ਕੁਝ ਲੋਕ:—ਨਹੀਂ, ਇਹ ਕਿਵੇਂ ਹੋ ਸਕਦਾ ਹੈ।

ਆਦਮੀ:-ਹਾਂ, ਇਹ ਵੇਖੋ, ਰੰਗ ਵੇਖੋ, ਰੇਸ਼ੇ ਵੇਖੋ...ਇਸ ਤਰ੍ਹਾਂ ਦਾ ਭਲਾ ਕਦੀ ਗਾਂ ਜਾਂ ਸੂਰ ਦਾ ਮਾਸ ਹੁੰਦਾ ਹੈ—ਇਹ ਤਾਂ ਆਦਮੀ ਦਾ ਗੋਸ਼ਤ ਹੈ।

ਹਿੰ. ਮੁ. ਲੀਡਰ- (ਦੋਵੇਂ ਇਕੋ ਵਾਰ) ਨਹੀਂ ਤੂੰ ਝੂਠ ਬੋਲਦਾ ਏ।

ਆਦਮੀ:—ਮੈਂ ਝੂਠ ਕਿਉਂ ਬੋਲਾਂਗਾ। ਆਪਣੇ ਆਪ ਵੇਖ ਲਵੋ। ਵੇਖੋ ਇਸ ਗਾਂ ਦੇ ਮਾਸ ਵਿੱਚ ਨਾ ਤਾਂ ਮੋਟੇ ਮੋਟੇ ਰੇਸ਼ੇ ਹਨ ਤੇ ਨਾ ਹੀ ਇਸਦਾ ਰੰਗ ਲਾਲ ਹੈ ਅਤੇ ਸੂਰ ਦੇ ਮਾਸ ਵਿੱਚ ਚਰਬੀ ਹੀ ਨਹੀਂ ਹੈ। ਭਾਈ ਇਹਨਾਂ ਦੋਵਾਂ ਥੈਲਿਆਂ ਵਿੱਚ ਆਦਮੀ ਦਾ ਹੀ ਮਾਸ ਹੈ।

ਕੁਝ ਅਵਾਜ਼ਾਂ:-(ਠੰਡੇ ਹੋ ਕੇ) ਆਦਮੀ ਦਾ ਮਾਸ।

ਹਿੰਦੂ ਲੀਡਰ :—ਚਲੋ ਬਹਾਦਰੋ ਚਲੀਏ, ਆਦਮੀ ਦਾ ਮਾਸ ਹੈ।

ਮੁ: ਲੀਡਰ–ਚਲੋ ਮੁਸਲਮਾਨ ਭਾਈਓ, ਸੂਰ ਦਾ ਨਹੀਂ ਇਹ ਤਾਂ ਆਦਮੀ ਦਾ ਮਾਸ ਹੈ।

ਬਦਮਾਸ਼ ਇਕੀ-(ਅਫਸੋਸ ਨਾਲ) ਆਦਮੀ ਦਾ ਮਾਸ।

(ਸਭ ਚਲੇ ਜਾਂਦੇ ਹਨ)

ਅਨੁਵਾਦ :—

**ਰਾਬਿੰਦਰ ਸਿੰਘ ਬਾਠ**

## ਅਸੀਂ ਬੇਦਾਵਾ ਨਹੀਂ ਦਿੱਤਾ

**੦ ਨਵਕਿਰਨ**

ਜਾਓ ! ਜਾਬਰਾਂ ਨੂੰ ਆਖੋ
ਕਿ ਉਹ ਸਾਡੀ ਗ਼ੈਰਹਾਜ਼ਰੀ 'ਚ ਕੱਛਾਂ ਨ ਵਜਾਉਣ
ਅਸੀਂ ਅਜੇ ਬੇਦਾਵਾ ਨਹੀਂ ਦਿੱਤਾ !
ਅਸੀਂ ਬੇਦਾਵਾ ਦੇ ਹੀ ਨਹੀਂ ਸਕਦੇ !!

ਉਹਨਾਂ, ਸ਼ੇਰਾਂ ਦੇ ਅੱਖੋਂ ਉਹਲੇ ਹੁੰਦਿਆਂ ਹੀ
ਆਪਣੀਆਂ ਗਿੱਦੜ-ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ
ਚਿੱਟੇ, ਲਾਲ ਅਤੇ ਨੀਲੇ 'ਟੱਬਾਂ' 'ਚ ਡੁੱਬ ਡੁੱਬ
ਉਹ ਆਪਣੇ ਆਪ ਨੂੰ ਜੰਗਲ ਦੇ ਰਾਜੇ ਅਖਵਾਉਂਦੇ ਰਹੇ
ਤੇ ਇਉਂ ਆਪੋ ਆਪਣੀ ਤੂਤੀ ਵਜਾਉਂਦੇ ਰਹੇ ! .

ਕੁਝ ਹਨ; ਕਿ ਬਰੇਕਾਂ ਵਾਲੇ ਕਛਹਿਰੇ ਪਾਕੇ
'ਭਾਗੋ' ਦੇ ਸੁਆਦਲੇ ਭੋਜਨਾਂ ਤੇ ਲਾਲਾਂ ਸੁੱਟ
ਸਰਸਾ ਦੇ ਨਿਰਮਲ ਪਾਣੀ 'ਚ ਮੈਲੇ ਤਨ ਦੀ ਮੈਲ ਲਾਹਕੇ
(ਉਂਝ ਜਦੋਂ ਸਰਸਾ ਚੜ੍ਹਦੀ ਹੈ ਤਾਂ
ਇਹ ਚੱਡਿਆਂ 'ਚ ਪੂਛ ਦੇ ਸਿਰਮੁਧ ਭਜਦੇ ਹਨ !)
ਮਖ਼ਮਲੀ ਗਦੇਲਿਆਂ ਤੇ ਬਿਰਾਜਮਾਨ ਹੋ
ਵੇਲਾਂ-ਬੂਟੇ ਪਾਕੇ ਛਾਪੀਆਂ ਡੀਲੈਕਸ ਜਿਲਦਾਂ ਵਾਲੀਆਂ
ਪੋਥੀਆਂ ਦੇ ਅਰਥ ਕਰਨ ਬੈਠ ਗਏ ਹਨ !
ਇਹ ਓਹੀ ਹਨ ਸੱਚ ਦੇ ਵਾਰਸੋ
ਜਿਨ੍ਹਾਂ ਦੀ ਜੀਭ ਆਪਣੇ ਪੰਜਵੇਂ ਗੁਰੂ ਨੂੰ
ਤੱਤੀਆਂ ਤਵੀਆਂ ਤੇ ਬੈਠਾ ਤੱਕ ਕੇ
ਸਦਾ ਲਈ ਤਾਲੂ ਨਾਲ ਲੱਗ ਗਈ ਸੀ ।
ਇਹ ਓਹੀ ਹਨ ਬੰਦੇ ਬਹਾਦਰੋ !
ਜਿਨ੍ਹਾਂ ਆਪਣੇ ਦਸਵੇਂ ਗੁਰੂ ਨੂੰ
ਆਪਣੇ ਘਰਾਂ 'ਚ ਪਨਾਹ ਦੇਣ ਤੋਂ
ਇਨਕਾਰ ਕਰ ਦਿੱਤਾ ਸੀ
ਜਦੋਂ ਸ਼ਾਹੀ ਮੁਗ਼ਲ, ਫੌਜਾਂ ਖਾਲਸੇ ਦੇ
ਲਹੂ ਦੀਆਂ ਤਿਹਾਈਆਂ ਫਿਰਦੀਆਂ ਸਨ !!)
ਇਹ ਓਹੀ ਹਨ ਸਰਹੰਦ ਦੀਏ ਕੰਧੋ !
ਜਿਨ੍ਹਾਂ ਆਪਣੇ ਗੁਰੂ ਦੇ ਮਾਸੂਮ ਲਾਲਾਂ ਨੂੰ
ਆਪਣੀਆਂ ਅੱਖਾਂ ਸਾਹਵੇਂ
ਨੀਹਾਂ ਵਿਚ ਚਿਣੇ ਜਾਣ ਦਿੱਤਾ ਸੀ !
ਤੇ ਸਦਾ ਲਈ ਅੱਖਾਂ ਮੀਟ
ਸੁੰਨ-ਸਮਾਧੀ ਧਾਰ ਲਈ ਸੀ !!
(ਕਿਉਂਕਿ ਉਹ ਸਾਹਿਬਜ਼ਾਦਿਆਂ ਦੀ ਰੂਹ ਦੀ
ਸ਼ਾਂਤੀ ਲਈ ਅਰਦਾਸ ਕਰਨ ਜੁੱਟ ਗਏ ਸਨ !)
ਇਹ ਨਹੀਂ ਜਾਣਦੇ ਬਾਲ ਗੋਬਿੰਦ ਵੱਲੋਂ
'ਭੀਖਣ ਸ਼ਾਹ' ਦੀਆਂ 'ਦੋਹਾਂ ਕੁੱਜੀਆਂ' ਉੱਤੇ
ਹੱਥ ਧਰਨੇ ਦੇ ਅਰਥ !
(ਇੱਕ ਕੁੱਜੀ ਵਿਚ ਹਿੰਦੂਆਂ ਦਾ ਪਾਣੀ ਸੀ ਤੇ ਦੂਜੀ ਵਿੱਚ
ਮੁਸਲਮਾਨਾਂ ਦਾ)
ਇਹ ਨਹੀਂ ਤਾਰ ਸਕਦੇ
'ਗ਼ਨੀ ਖ਼ਾਂ ਤੇ ਨਬੀ ਖ਼ਾਂ' ਵੱਲੋਂ
ਦਸਵੇਂ ਗੁਰੂ ਨੂੰ ਪਨਾਹ ਦਾ ਮੁੱਲ !
ਇਹ ਨਹੀਂ ਯਾਦ ਰੱਖ ਸਕਦੇ
'ਟੋਡਰ ਮੱਲ' ਵੱਲੋਂ ਆਪਣਾ ਦੀਵਾਲਾ ਕੱਢਕੇ
ਗੁਰੂ ਦੇ ਲਾਡਲਿਆਂ ਦਾ ਕੀਤਾ ਸਸਕਾਰ !
ਇਹ ਤਾਂ ਭੁੱਲ ਹੀ ਜਾਣਗੇ
'ਕੋਟਲੇ' ਦੇ ਨਵਾਬ ਵੱਲੋਂ
ਸਤਬਰਗ ਦੇ ਫੁੱਲਾਂ ਨੂੰ ਮਸਲਣ ਤੇ ਮਾਰਿਆ
ਹਾਰ ! ਦਾ ਨਾਹਰਾ !
ਇਹ ਜੋ ਜਾਣਦੇ ਹਨ ਤਾਂ ਸਿਰਫ਼ ਏਹੋ ਜਾਣਦੇ ਹਨ
ਕਿ ਬੇਹਾ ਕੜਾਹ ਤੱਤਾ ਕਰ ਕਰ ਕਿਵੇਂ ਪਾਈਦੈ
ਕਿ ਬੇਦੋਸ਼ ਨਿਹੱਥੀਆਂ ਕੂੰਜਾਂ ਦੇ
ਚਹਿਚਹਾਉਂਦੇ ਬੋਟਾਂ ਨੂੰ ਕਿਵੇਂ ਤੜਫ਼ਾਈਦੈ !
ਜੋ ਉਹ ਗੁਰੂ ਦੇ ਸਿੰਘ ਕਹਾਉਣਗੇ
'ਮੱਸਾ-ਰੰਗੜ' ਦਾ ਸਿਰ ਵੱਢ ਸਕਣਾ
ਏਨ੍ਹਾਂ ਲਈ ਮੁਮਕਿਨ ਨਹੀਂ !!

ਕੁਝ ਹਨ; 'ਚੰਦੂ' ਦੇ ਪੋਤੇ ਦੇ ਪੋਤਰੇ
ਕੁਝ ਹਨ 'ਗੰਗੂ' ਦੇ ਦੋਹਤੇ ਦੇ ਦੋਹਤਰੇ
ਜੋ ਹਮੇਸ਼ਾ ਹੀ ਲੂਣ ਖਾ ਹਰਾਮ ਕਰਦੇ ਰਹੇ
ਜੋ ਹਮੇਸ਼ਾ ਹੀ ਮੂੰਹ 'ਚ ਘਾਹ ਦੀਆਂ ਤਿੜਾਂ ਲੈ
ਬਦੇਸ਼ੀ ਜ਼ਰਵਾਣਿਆਂ ਦੀ ਝੋਲੀ 'ਚ ਡਿਗਦੇ ਰਹੇ !
ਜਿਹਨਾਂ ਦੀਆਂ ਨਜ਼ਰਾਂ ਚੰਦ ਸਿੱਕੇ
ਵੇਖ ਲਲਚਾਉਂਦੀਆਂ ਰਹੀਆਂ !!
ਇਹ ਨਹੀਂ ਜਾਣਦੇ ਕਿ ਗੁਰੂ ਦੇ ਪਿੰਡੇ ਤੇ ਪਏ
ਇੱਕ ਇੱਕ ਛਾਲੇ ਦਾ ਮੁੱਲ ਮੰਗਿਆ ਜਾਣੈ !
ਇਹ ਨਹੀਂ ਜਾਣਦੇ ਕਿ ਘੁੱਗੂ-ਘੂੰ ਕਰਦੀਆਂ
ਘੁੱਗੀਆਂ ਨੂੰ ਕੋਹਣ ਦਾ ਅੰਜ਼ਾਮ ਕੀ ਹੁੰਦੈ ?

ਕੁਝ ਹਨ; ਜਿਹੜੇ ਖੱਬੀ ਗੱਲ ਤੇ ਥੱਪੜ ਖਾ
ਜਿਹੜੇ ਕੋਠੇ 'ਤੇ ਲੱਗੇ ਲੱਕੜ ਦੇ ਮੋਰ ਵਾਂਗ
ਜਿਹੜੇ 'ਗੁਲਾਬੀ ਫੁੱਲਾਂ' ਨੂੰ ਸਿਰਫ਼ ਕੋਟਾਂ ਤੇ
ਸਜ ਉਣਾ ਹੀ ਜਾਣਦੇ ਹਨ
'ਗੁਲਾਬੀ' ਰੰਗ ਦੀ ਮਹੱਤਤਾ ਤੋਂ ਉਹ ਵਾਕਿਫ਼ ਨਹੀਂ !

ਕੁਝ ਹਨ; ਕਿ ਜਿਹੜੇ ਸੋਫ਼ਾ-ਸੈੱਟਾਂ ਤੇ ਬੈਠ
ਬਲੌਰੀ ਜਾਮਾਂ ਨੂੰ ਸਿੱਪ ਕਰਦਿਆਂ ਹੀ ਲੱਭਦੇ ਹਨ
'ਦਰੁੱਸਤ ਇਨਕਲਾਬੀ ਲੀਹ'
ਜਿਹੜੇ ਹਿਰਨੀਆਂ ਦੇ ਕੂਲੇ ਵਾਲਾਂ ਸੰਗ ਪਰਚਕੇ

ਸਾਡੇ ਬੋਲਾਂ ਨੂੰ 'ਮਹਿਜ਼ ਸੱਚ ਦੇ ਦਾਵੀਏ' ਦੱਸਦੇ ਨੇ
ਜਿਹੜੇ ਸ਼ੀਸ਼ੇ ਸਾਹਵੇਂ ਖਲੋ ਕੇ ਥਰ ਥਰ ਕੰਬਦੇ ਨੇ !!
ਕੁਝ ਹੋਰ ਵੀ ਹਨ......
...ਪਰ ! ਇਹਨਾਂ ਸਭ ਨੂੰ ਦੱਸਣਾ ਮਾਛੀਵਾੜੇ ਦੇ ਜੰਗਲੋ!
ਕਿ ਸੱਚ ਕਦੇ ਲੁਕਿਆ ਨਹੀਂ ਕਰਦਾ
ਕਿ ਸੱਚ ਕਦੇ ਹਰਿਆ ਨਹੀਂ
ਕਿ ਚਲਦੇ ਕਾਰਵਾਂ ਕਦੇ ਨਹੀਂ ਰੁਕਦੇ
ਕਿ ਧੁਖਦੀਆਂ ਚੰਗਿਆੜੀਆਂ ਬੁਝਦੀਆਂ ਨਹੀਂ
ਕਿ ਪਰਚੰਡ ਜਵਾਲਾ ਅਜੇ ਬਲਨੀ ਹੈ'
(ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ)
ਕਿ ਪਾਈ ਪਾਈ ਦਾ ਹਿਸਾਬ ਹੋਣਾ ਅਜੇ ਬਾਕੀ ਹੈ
ਕਿ ਬੰਦਾ ਬਹਾਦਰ ਮੁੜ 'ਮਾਧੋਦਾਸ' ਨਹੀਂ ਬਣ ਸਕਦਾ !
ਕਿ ਮਿਆਨੋਂ ਧੂਹੀ ਤਲਵਾਰ
ਮੁੜ ਮਿਆਨ 'ਚ ਨਹੀਂ ਟਿਕ ਸਕਦੀ !!
ਕੀ ਹੋਇਐ ਜੇ ਅਸੀਂ ਕੁਝ ਪਲ
ਸ੍ਵੈ-ਸਰਵੇਖਣ ਕਰਨ ਲਈ ਰੁਕੇ ਹਾਂ
ਕੀ ਹੋਇਐ ਜੇ ਅਸੀਂ ਡੁਲ੍ਹੇ 'ਲਹੂ' ਦਾ
ਲੇਖਾ-ਜੋਖਾ ਕਰਨ ਰੁੱਝੇ ਹਾਂ
ਕੀ ਹੋਇਐ ਜੇ ਅਸੀਂ ਮੱਚਦੇ ਆਲਮਾਂ 'ਚ
'ਚਾਨਣ ਦੀ ਲੱਪ' ਸੁੱਟਣ ਦਾ ਪੈਂਤੜਾ ਬਦਲਿਆ ਹੈ
ਅਸੀਂ ਕੋਈ ਬੇਦਾਵਾ ਤਾਂ ਨਹੀਂ ਦਿੱਤਾ !
ਅਸੀਂ ਬੇਦਾਵਾ ਦੇ ਹੀ ਨਹੀਂ ਸਕਦੇ !!

o

ਕਵਿਤਾ—

## ਯਾਰ ਵਾਰੇ ਸ਼ਾਹਾ

### ਮਹਿੰਦਰਪਾਲ ਭੱਠਲ

ਤੈਨੂੰ ਕਿਹੜੇ ਮੂੰਹ ਨਾਲ ਆਖਾਂ
ਕਿ ਤੂੰ ਕਬਰਾਂ ਚੋਂ ਬੋਲੇਂ
ਤੇ ਕਿਤਾਬੇ ਇਸ਼ਕ ਫੋਲੇਂ
ਜਦ ਕਿ ਤੇਰੇ ਵਾਰਸ
ਤੇ ਮੇਰੇ ਸਮਕਾਲੀ
ਕਬਰਾਂ ਵਾਂਗਰ ਚੁੱਪ ਬੈਠੇ ਨੇ
ਧੁਖਦੇ ਪੰਜਾਬੋਂ ਨਿਕਲਦਾ ਧੂੰਆਂ
ਟਿਕ ਟਿਕੀ ਲਾ ਕੇ ਵੇਖ ਰਹੇ ਨੇ।

ਤਖਤ ਹਜਾਰੇ 'ਚ ਮੋਟਰ ਸਾਇਕਲ
ਇੰਜ ਘੁੰਮਦੇ ਨੇ
ਜਿਵੇਂ ਕਰੰਗਾਵਾੜੀ 'ਚ ਕਾਲੇ ਕੁੱਤੇ।
ਸੈਦਾ ਖੇੜਾ C R P 'ਚ ਭਰਤੀ ਹੋ ਗਿਐ
ਹੀਰ ਬਲਾਤਕਾਰੀ ਤੋਂ ਡਰਦੀ
ਸਿਆਲਾਂ ਦੇ ਘਰੋਂ ਬਾਹਰ ਨਾ ਨਿਕਲੇ
ਰਾਂਝਾ ਬੇਲਿਆਂ 'ਚ ਭੁੱਖਾ ਮਰਦਾ
ਬੁਰਕੀ ਬੁਰਕੀ ਟੁੱਕ ਦੀ ਲੱਭਦਾ।

ਪੰਜ ਪੀਰ ਆਏ ਸਨ
ਕਿਤਾਬਾਂ ਨਾਲ ਲਿਆਏ ਸਨ
ਉਹ ਇਨਾ ਕਹਿਕੇ ਰਾਹ ਪਏ
ਕਿ C I A ਅਜੇਹਾ ਕੁਛ ਕਰਾ ਹੀ ਦਿੰਦੇ'।

ਜ਼ਖਮੀ ਰੂਹ ਨਾਲ ਲਥ ਪਥ ਰਾਂਝਾ
ਪੰਜ ਪੀਰਾਂ ਨੂੰ ਲੱਭਦਾ ਫਿਰਦੈ
ਪੰਜ ਪੀਰ ਹੁਣ ਕੱਠੇ ਨੀ ਹੁੰਦੇ
ਮਸਲਾ ਕਿਸੇ ਰਾਹ ਨਹੀਂ ਪੈਂਦਾ
ਇਹ ਹਾਲਤ 'ਚ ਯਾਰ ਵਾਰੇਸ਼ਾਹਾ
ਪੀਰਾਂ ਨੂੰ ਪਤੰਬਰ ਨਾ ਕਹੀਏ ਤਾਂ ਹੋਰ ਕੀ ਕਹੀਏ।
ਕਿਸੇ ਨੂੰ ਆਪਾ ਦੋਸ਼ ਕੀ ਦਈਏ
ਮੈਂ ਵੀ ਅਪਨੇ ਮੰਜੇ ਹੇਠ ਸੋਟੀ.
ਉਸ ਦਿਨ ਫੇਰੀ—
ਜਿਸ ਦਿਨ ਲੰਮੀਆਂ ਪੂਛਾਂ ਵਾਲੇ ਬੁਧੀਜੀਵੀ
ਵੱਖਰੇ ਵੱਖਰੇ ਤਖਤਪੋਸ਼ਾਂ ਨੂੰ
ਛੱਧ ਅਧਿਕਾਰਾਂ ਦੇ ਖਿਲਾਰੇ ਚੋਗਾ ਨੂੰ
ਠੂੰਗਾਂ ਮਾਰਕੇ ਪਰਤ ਰਹੇ ਸਨ।

ਯਾਰ ਵਾਰੇਸ਼ਾਹ
ਸ਼ਰਮਸਾਰ ਹਾਂ —
ਗੁਨਾਹਗਾਰ ਹਾਂ ਮੈਂ
ਦੇਣਦਾਰ ਹਾਂ ਮੈਂ
ਤੇਰਾ ਵੀ
ਤਵਾਰੀਖ ਦਾ ਵੀ—
ਤੇ ਪੰਜਾਬ ਦਾ ਵੀ—
ਕਿ ਲੋੜੀਦਾ ਕੁਝ ਵੀ ਕਰ ਨਾ ਸਕਿਆ।
ਜਦ ਬੇਲਿਆਂ ਨੂੰ ਅੱਗ ਸੁਲਘੀ ਸੀ

o

ਕਵਿਤਾ—

## ਗੈਰ ਕਾਨੂੰਨੀ ਰੋਜ਼ੀ ਕਰਦਿਆਂ ਦੀ ਦਾਸਤਾਨ

### ਦਰਸ਼ਨ ਬੁਲੰਦਵੀ

ਗੈਰ ਕਾਨੂੰਨੀ ਰੋਜ਼ੀ ਦਾ ਅਹਾਰ ਕਰਦੇ
ਬਹੁਤ ਮਜਬੂਰੀਆਂ ਦੇ ਢਾਹੇ ਹੋਏ
ਅਣਚਾਹੇ ਮੌਤ ਵਰਗੇ ਪਲਾਂ ਨਾਲ ਕੱਥੇ ਰਹੇ
ਤੇ ਕੋਹਲੂ ਦੇ ਬੈਲ ਬਣ

ਫੋਕੀ ਵਫ਼ਾਦਾਰੀ ਨੂੰ ਕੀਨਦੇ ਰਹੇ
ਅਨਿਸਚਿਤ ਸਾਹਵਾਂ ਦੇ ਮਾਹੌਲ 'ਚ
ਪਲ ਪਲ ਜ਼ਖ਼ਮ ਬਣ ਕੇ ਰਿੱਸਦੇ ਰਹੇ
ਫੱਕੇ ਟਿੰਡ ਲਾਹਣ ਦੇ ਘੁੱਟ ਨਾਲ
ਕੌਮੀ ਤੌਹੀਨ ਦੇ ਸਵਾਲ ਨੂੰ ਟਾਲਦੇ ਰਹੇ
ਕੌਮੀ ਤੌਹੀਨ ਦੇ ਸਵਾਲ ਨੂੰ ਟਾਲਦੇ ਰਹੇ
ਉਸਾਰੂ ਪਲਾਂ ਦਾ ਭਰਮ ਚੁੱਕੀ ਪਿੱਠ ਉਪਰ
ਗੈਰ ਦੋਈਆਂ ਨੀਹਾਂ 'ਚ ਜਿੰਦ ਗਾਲਦੇ ਰਹੇ ।

ਗੈਰ ਕਾਨੂੰਨੀ ਰੋਜ਼ੀ ਕਰਦਿਆਂ ਦੇ
ਕਦੀ ਰਾਤੀਂ ਹੀ ਛੁੱਪ ਜਾਂਦੇ ਰਹੇ ਤਾਰੇ
ਕਦੀ ਦਿਨੇ ਹੀ ਢਲ ਜਾਂਦਾ ਰਿਹਾ ਸੂਰਜ
ਕਦੀ ਬੇ-ਨਾਮ ਹੀ ਸੜਕ ਤੇ ਤੁਰਦੇ
ਆਪਣਾ ਹੁਲੀਆ ਬਦਲਦੇ ਰਹੇ
ਕਦੀ ਰਸਤਿਆਂ ਨੂੰ ਅਲਵਿਦਾ ਆਖ
ਪੈਰੀਂ, ਡੰਡੀਆਂ ਦੀ ਜੂਨ ਹੰਢਾਉਂਦੇ ਰਹੇ
ਧੁੱਪ ਤੋਂ ਡਰੇ ਹੋਏ
ਆਪਣੇ ਪ੍ਰਛਾਵਿਆਂ ਨੂੰ ਰਾਤਾਂ 'ਚ ਲੁਕਾਉਂਦੇ ਰਹੇ
ਆਪਣੇ ਜਜ਼ਬਿਆਂ ਦੇ ਖੰਭ ਕਤਰ ਕੇ
ਆਪਣੀ ਉਡਾਰੀ ਨੂੰ ਭਵਿੱਖ ਤੇ ਪਾਉਂਦੇ ਰਹੇ
ਆਪਣੀ ਛੈਲ ਛਬੀਲੀ ਰੁੱਤ ਦਾ ਜਨਾਜ਼ਾ
ਆਪਣੇ ਸਿੱਕਿਆਂ ਦੇ ਹੇਠ ਲੁਕਾਉਂਦੇ ਰਹੇ

ਗੈਰ ਕਾਨੂੰਨੀ ਰੋਜ਼ੀ ਦਾ ਆਹਰ ਕਰਦੇ
ਕਾਨੂੰਨੀ ਜਾਲ 'ਚ ਫਸੇ ਹੋਏ
ਜਦ ਰਹਿ ਗਏ ਹੰਭ ਹਾਰ ਕੇ
ਉਨ੍ਹਾਂ ਦੇਸ਼ ਵਾਪਿਸੀ ਤੋਂ ਡਰਦਿਆਂ
ਚਲਦੀਆਂ ਟਰੇਨਾਂ ਤੋਂ ਮਾਰ ਛਾਲਾਂ
ਤਨ ਤੋਂ ਰੂਹ ਤੱਕ ਸਜਾਵਾਂ ਜਰੀਆਂ
ਜੇਹਲਾਂ ਦੀਆਂ ਤੋੜ੍ਹ ਦੀਵਾਰਾਂ
ਅੱਗ ਦੀਆਂ ਨਦੀਆਂ ਤਰੀਆਂ
ਆਪਣੇ ਕਦਮਾਂ ਮੂਹਰੇ ਆਪ
ਆਪਣੀ ਮੌਤ ਦੀਆਂ ਕੁਹੜੀਆਂ ਧਰੀਆਂ
ਇਹ ਕੇਹਾ ਦਰਦਨਾਕ ਸਾਕਾ, ਦੋਸਤੋ
ਕਿ ਕੋਈ ਗੈਰ ਘਰ ਬੇ-ਆਬਰੂ ਹੋਇਆ
ਆਪਣੇ ਘਰ ਮੁੜਨ ਤੋਂ ਡਰਦਾ ਰਹੇ
ਜ਼ਹਿਰੀਲੀ ਹਵਾ 'ਚ ਕਰਾਹੁੰਦਾ
ਆਪਣੀਆਂ ਪੈਲੀਆਂ ਦੇ ਸਾਹ ਭਰਨ ਤੋਂ ਘਬਰਾਂਦਾ ਰਹੇ
ਨਸਲੀ ਪੱਥਰਾਂ 'ਚੋਂ ਸੁੱਖ ਲੱਭਦਾ
ਆਪਣੇ ਲਹੂ ਵਿਚ ਡੁੱਬ ਕੇ ਮਰਦਾ ਰਹੇ
ਘਰਦਿਆਂ ਨੂੰ ਲਿਖੀ ਚਿੱਠੀ ਵਿਚ
ਸੁੱਖ ਸਾਂਦ ਹੀ ਦਰਜ ਕਰਦਾ ਰਹੇ ।

o

# ਚਿੰਨ੍ਹਾਂ ਦੀ ਤ੍ਰਾਸਦੀ

## ਜਗਰੂਪ ਸਿੰਘ ਰੂਪ

ਹਰ ਬੂਹੇ ਵਿਚ
ਹਸਾਸੇ ਵਿਸਮਿਕ ਚਿੰਨ੍ਹ
ਜੜ੍ਹ ਹੋਏ ਖੜੇ ਹਨ ।
ਹਰ ਚੌਂਕ ਵਿਚ
ਸੁਲਗਦੇ ਪ੍ਰਸ਼ਨ ਚਿੰਨ੍ਹਾਂ ਦੀ
ਪੈਰ ਬਦਲਦੀ ਭੀੜ ਹੈ ।
ਹਰ ਵਿਧਾਨ-ਸਭਾ ਦੇ
ਤਿਲਕਵੇਂ ਵਿਹੜੇ ਵਿਚ
ਲੁੜਕਦੇ ਕੌਮੇ
ਘੁੰਮਦੇ ਹਨ ।
ਤੇ ਹਰ ਦਫਤਰ ਦੀ
ਤਿੰਨ-ਟੰਗੀ ਮੇਜ਼ ਉੱਤੇ
ਫੁੱਲ-ਸਟਾਪ ਸੁੱਤੇ ਪਏ ਹਨ ।
ਪਰ—
ਉਡੀਕ ਤੋਂ ਅੱਕ ਕੇ
ਜਦੋਂ—
ਹਸਾਸੇ ਵਿਸਮਿਕ ਚਿੰਨ੍ਹਾਂ ਦੀ
ਬੁੜਬੁੜਾਂਦੀ ਭੀੜ
ਚੌਂਕਾਂ ਵੱਲ ਨਿਕਲਦੀ ਹੈ
ਤਾਂ—
ਸੁਲਗਦੇ ਪ੍ਰਸ਼ਨ ਚਿੰਨ੍ਹਾਂ ਦੇ
ਭੱਖਦੇ ਜੁੱਸੇ ਤਿੜਕਦੇ ਹਨ ।
ਵਿਧਾਨ ਸਭਾਵਾਂ ਦੇ
ਲੁੜਕਦੇ ਕੌਮੇ
ਸੰਗਲੀ ਸੰਗ ਬੱਝੇ
ਕੁੱਤਿਆਂ ਵਾਂਗ੍ਹ
ਹੋਰ ਭੌਂਕਦੇ ਹਨ ।
ਤੇ ਲੰਗੜੇ ਮੇਜ਼ਾਂ ਉੱਤੇ
ਉਬਾਸੀਆਂ ਦਾ ਸ਼ੋਰ
ਉਭਰਦਾ ਹੈ ।
ਤਦੋਂ ਹੀ—
ਹਿਟਲਰੀ ਵਜੂਦਾਂ ਦੇ
ਗਾਂਧੀ-ਨੁਮਾ
ਚਿਹਰਿਆਂ ਉੱਤੇ
ਚਿੰਤਾ ਅਤੇ ਗੁੱਸਾ
ਜ਼ਹਿਰੀਲੇ ਸਪੋਲੀਆਂ ਵਾਂਗ
ਲੇਟਣੀਆਂ ਲੈਣ ਲਗਦੇ ਹਨ
ਤੇ ਲਿਸ਼ਕਦੀਆਂ ਸੰਗੀਨਾਂ ਨੂੰ

ਖੁੱਡਾਂ 'ਚੋਂ ਨਿਕਲਕੇ
ਉਭਾਸਰੀਆਂ ਬਸਤੀਆਂ 'ਚ
ਤੈਨਾਤ ਹੋਣ ਦਾ
ਹੁਕਮ ਨਾਜ਼ਲ ਹੁੰਦੈ ।
ਫੇਰ—
ਬਾਰੂਦ ਦੀ ਖਾਮੋਸ਼ੀ ਟੁੱਟਦੀ ਹੈ,
ਲ਼ਹੂ ਦੇ ਦਰਿਆ ਵਹਿੰਦੇ ਹਨ
ਤੇ ਲਾਸ਼ਾਂ ਦੇ ਢੇਰ ਵਿਛਦੇ ਹਨ ।
ਅੰਤ—
ਧਮਾਕਿਆਂ ਦੇ ਜਸ਼ਨ ਵਿਚ
ਜਿੱਤ'ਦਾ ਕਾਲਾ ਤਿਲਕ
ਤੇਜ-ਹੀਣ ਮੱਥਿਆਂ ਉੱਤੇ
ਧਾਰਨ ਪਿੱਛੋਂ
ਜਿੱਤ ਦਾ ਸੋਗੀ ਪਰਚੰਮ
ਖਾਲੀ ਢਿੱਡਾਂ ਉੱਤੇ
ਲਹਿਰਾ ਦਿੱਤਾ ਜਾਂਦੈ ।
ਬਚ ਗਏ
ਜ਼ਖਮੀ ਵਿਸਮਿਕ ਚਿੰਨ੍ਹ
ਫੇਰ ਬੂਹਿਆਂ 'ਚ ਆ ਖੜ੍ਹਦੇ ਹਨ ।
ਧੂੜ 'ਚ ਗੁਆਚੇ ਪ੍ਰਸ਼ਨ ਚਿੰਨ੍ਹ
ਚੌਂਕ 'ਚ ਗੱਡੀਆਂ
ਸਲ਼ੀਬਾਂ ਉੱਤੇ
ਫੇਰ ਆ ਲਟਕਦੇ ਹਨ ।
ਵਿਧਾਨ ਸਭਾਵਾਂ ਦੇ
ਤ੍ਰਿਲ੍ਹਕਵੇਂ ਵਿਹੜਿਆਂ ਵਿਚ
ਭੌਂਕਦੇ ਕੌਮੇ
ਸ਼ਾਂਤ ਚਿੱਤ ਹੋ
ਫੇਰ ਕਲਾਬਾਜ਼ੀਆਂ ਪਾਉਣ ਲਗਦੇ ਨੇ ।
ਤੇ—
ਤਿੰਨ-ਟੰਗੀ ਮੇਜ਼ਾਂ ਹੇਠ
ਬੁਜ਼ਦਿਲਾਂ ਵਾਂਗ ਲੁਕੇ
ਫੁੱਲ ਸਟਾਪ
ਹਿੱਕਾਂ ਚੌੜੀਆਂ ਕਰ
ਫੇਰ ਕੁਰਸੀਆਂ ਉੱਤੇ
ਆ ਬਿਰਾਜਦੇ ਹਨ ।
ਭਾਵੇਂ—
ਸਭ ਕੁਝ ਹੀ
ਆਮ ਵਾਂਗ
ਹੋ ਗਿਆ ਲੱਗਦੈ
ਪਰ—
ਮੌਸਮ ਦੀ ਹਿੱਕ ਉਤੇ
ਲੰਘ ਗਏ ਤੂਫਾਨ ਦੀਆਂ
ਨਹੁੰਦਰਾਂ ਦੇ ਘਾਏ
ਕਸਕਦੇ ਚੀਰਾਂ ਦੀ
ਹਵਾ ਵਿਚ ਹੁਆਂਕਦੀ ਹੂਕ
ਹਰ ਬੂਹੇ ਉੱਤੇ
ਹਰ ਰਾਤ
ਇੰਜ ਦਸਤਕ ਦਿੰਦੀ
ਫਿਰਦੀ ਹੈ
ਜਿਵੇਂ—
ਕੁਝ ਫੇਰ
ਵਾਪਰਨ ਵਾਲਾ ਹੋਵੇ ।
o

ਹਿੰਦੀ ਕਵਿਤਾ

## ਰਾਜ ਸੱਤਾ

### ਉਦੈ ਪ੍ਰਕਾਸ਼

(ਉਦੈ ਪ੍ਰਕਾਸ਼ ਹਿੰਦੀ ਦਾ ਨੌਜਵਾਨ ਕਵੀ-ਲੇਖਕ ਹੈ। 'ਸੁਣੋ ਕਾਰੀਗਰ' ਉਸਦਾ ਕਵਿਤਾ-ਸੰਗ੍ਰਹਿ ਪਿਛੇ ਜਿਹੇ ਪ੍ਰਕਾਸ਼ਤ ਹੋਇਆ ਹੈ। 'ਟੇਪਚੂ' ਉਸਦੀ ਪ੍ਰਸਿੱਧ ਕਹਾਣੀ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦਾ ਸਾਬਕਾ ਵਿਦਿਆਰਥੀ ਅੱਜ ਕੱਲ ਉਹ 'ਦਿਨਮਾਨ' ਦੇ ਸੰਪਾਦਕੀ ਵਿਭਾਗ 'ਚ ਕੰਮ ਕਰਦਾ ਹੈ। ਏਥੇ ਪੇਸ਼ ਉਸਦੀ 'ਰਾਜ ਸੱਤਾ' ਕਵਿਤਾ 'ਰਵੀਵਾਰ' ਦੇ 9-15 ਜਨਵਰੀ 83 ਦੇ ਅੰਕ ਚੋਂ ਲੋਈ ਗਈ ਹੈ—ਅਨੁ:)

ਰਾਜ ਸੱਤਾ
ਤਿਹਾੜ ਦੀ ਕੰਧ ਹੈ
ਭਾਗਲਪੁਰ ਦਾ ਤਿਜ਼ਾਬ ਹੈ
ਆਂਤੁਲੇ ਦੀ ਨੈਤਿਕਤਾ ਅਤੇ
ਭਰਾ ਜਗਨ ਦਾ ਲੋਕਤੰਤ੍ਰ ਹੈ ।
ਰਾਜ ਸੱਤਾ
ਪ੍ਰਗਟਾਅ ਦੀ ਅਜ਼ਾਦੀ ਦਾ
ਕਾਨੂੰਨ ਹੈ
ਅਤੇ ਜੋ ਇਸ ਕਾਨੂੰਨ ਦੀ ਜ਼ਦ 'ਚ ਹੈ
ਉਸਨੂੰ ਬੋਲਣ ਨਹੀਂ ਦਿੰਦੀ—ਰਾਜ ਸੱਤਾ !
ਰਾਜ ਸੱਤਾ
'ਪ੍ਰਜਾਤੰਤਰ' ਦਾ ਪ੍ਰਜ਼ਾਪਤੀ ਹੈ
ਅਤੇ 'ਪਰਜਾ' ਜੇ 'ਤੰਤ੍ਰ' ਨਾਲ
ਟਕਰਾਉਂਦੀ ਐ ਕਦੀ
ਤਾਂ ਤੰਤਰ ਦੀ ਹਿਫ਼ਾਜ਼ਤ 'ਚ ਤਾਇਨਾਤ

ਫੌਜ ਦੀ ਬੰਦੂਕ ਦੇ ਮੂੰਹ 'ਚੋਂ
ਬੋਲਦੀ ਐ ਰਾਜ ਸੱਤਾ
ਕਿ ਸੁਣ ਮੇਰੀ ਪਿਆਰੀ-ਪਿਆਰੀ ਪਰਜਾ
ਤੈਨੂੰ ਤੰਤਰ ਦੇ ਅੰਦਰ ਈ
ਪਰਜਾ ਹੋਣ ਦਾ ਹੱਕ ਹੈ
ਪੁਲਸ ਅਤੇ ਫੌਜ
ਕਰਫਿਊ ਅਤੇ ਗੋਲੀ
ਪਰਜਾ ਅਤੇ ਤੰਤਰ ਦੇ ਸੰਬੰਧਾਂ ਦੀਆਂ
ਸੰਵਿਧਾਨਕ ਵਿਆਖਿਆਵਾਂ ਹਨ।
ਰਾਜ ਸੱਤਾ ਕਹਿੰਦੀ ਹੈ—
ਕਵਿਤਾ ਨੂੰ ਨਹੀਂ ਹੋਣਾ ਚਾਹੀਦਾ
ਰਾਜ ਸੱਤਾ ਬਾਰੇ
ਕਾਨੂੰਨ ਬਾਰੇ ਨਹੀਂ ਹੋਣਾ ਚਾਹੀਦਾ
ਕੋਈ ਕਵਿਤਾ
ਤੰਤਰ ਬਾਰੇ
ਕਵਿਤਾ ਨੂੰ ਨਹੀਂ ਹੋਣਾ ਚਾਹੀਦਾ
ਪਰਜਾ ਬਾਰੇ
ਕਵਿਤਾ ਨੂੰ ਹੋਣਾ ਚਾਹੀਦੈ
ਸਿਰਫ ਚਾਹੀਦੀ ਐ ਜਿਵੇਂ ਕਵਿਤਾ
ਬਾਰੇ !
ਰਾਜ ਸੱਤਾ
ਅੱਸੀ ਪ੍ਰਤੀਸ਼ਤ ਲੋਕਾਂ ਦੀ ਅੱਖ 'ਚ
ਬੂਟਾਂ ਤੇ ਬਰੂਦ ਦੀ ਸੱਤਾ ਹੈ
ਪੰਜ ਪ੍ਰਤੀਸ਼ਤ ਲੋਕਾਂ ਦੇ ਹੱਥ 'ਚ
ਮਨਮਰਜੀ ਦਾ ਰਾਜ
ਅਤੇ ਬਾਕੀ ਸਾਡੇ ਵਰਗਿਆਂ ਦੇ ਦਿਮਾਗ 'ਚ
ਰਾਜ ਸੱਤਾ
ਅਤੇ ਤਮਾਮ ਕਿਤਾਬਾਂ
ਅਤੇ ਸੰਵਿਧਾਨਾਂ ਤੇ ਭਾਸ਼ਣਾਂ ਮਗਰੋਂ
ਅਖੀਰ ਨੂੰ ਰਾਜ ਸੱਤਾ
ਸ਼ੀਸ਼ੇ ਦੀ ਢਲੀ
ਦੋ ਔਂਸ ਦੀ ਗੋਲੀ ਹੈ
ਏਸ ਵੇਲੇ ਦਿਨ ਦੇ
ਜਦ ਠੀਕ ਬਾਰ੍ਹਾਂ ਵੱਜ ਕੇ
ਠੀਕ ਦੋ ਮਿੰਟ ਹੋਏ
ਤਾਂ ਕੀ ਇਹ ਖਿੰਡੀ ਖਿੰਡੀ
ਕਵਿਤਾ
ਰਾਜ ਸੱਤਾ ਤੋਂ ਪੁੱਛ ਸਕਦੀ ਹੈ
ਕਿ ਠੀਕ ਏਸ ਵਕਤ
ਰਾਜ ਸੱਤਾ
ਦੋ ਔਂਸ ਦੇ ਸ਼ੀਸ਼ੇ 'ਚ ਢਲ ਕੇ
ਕਿਸ ਸ਼ਹਿਰ 'ਚ
ਕਿਸ ਜਲੂਸ 'ਚ
ਕਿਸ ਮਨੁੱਖ ਦੇ ਸੀਨੇ 'ਚ
ਗਰਮ ਗਰਮ ਜ਼ਿੰਦਾ ਲਹੂ 'ਚ
ਮੌਤ ਬਣ ਕੇ
ਦਾਖਲ ਹੋ ਰਹੀ ਐ ?

ਅਨੁ:—ਚ.ਲ.

---

## ਵਿਚਾਰੇ.. ...

### ਕਪੂਰ ਸਿੰਘ

ਵਰਿਆਂ ਬੱਧੀ
ਯੂਨੀਵਰਸਟੀਆਂ
ਤੇ
ਲਾਇਬਰੇਰੀਆਂ ਵਿਚ
ਰੀਂਗਦੇ ਰਹਿਣ ਮਗਰੋਂ
ਇਕ ਦਿਨ
ਉਹ ਮਿਲੇ
ਤੇ
ਇਕ ਨੇ ਕਹੀ, ਦੂਜੇ ਨੇ ਮੰਨੀ
ਕਿ
ਅਜੇ ਰਾਤ ਲੰਬੀ ਹੈ,
ਕਾਲੀ ਹੈ,
ਠੰਡੀ ਹੈ।
ਇਸ ਵਕਤ
ਠੇਡੇ ਖਾਣ
ਤੇ
ਸੂਲਾਂ ਚੁਭਾਣ
ਤੋਂ ਚੰਗਾ ਹੈ
ਕਿ ਚਿੜੀ ਚੂਕਦੀ ਨਾਲ ਤੁਰੀਏ।
ਤੇ ਫਿਲਹਾਲ
ਇੱਕ ਇੱਕ ਪੈੱਗ ਹੋ ਜਾਏ
ਤੇ
ਥੋੜੀ ਜਿਹੀ ਬਹਿਸ।

## ਅਧਿਆਪਕਾਂ ਬਾਰੇ ਕਿਸ਼ਤ (3)

ਪਿਆਰੇ ਸੰਪਾਦਕ ਜੀ,

ਇਸ ਚਿੱਠੀ 'ਚ ਮੈਂ ਕਮਿਊਨਿਸਟ ਅਧਿਆਪਕਾਂ ਨੂੰ ਇੱਕ ਸੁਨੇਹਾ ਭੇਜ ਰਿਹਾ ਹਾਂ, ਮੇਹਰਬਾਨੀ ਕਰਕੇ ਇਸ ਨੂੰ ਆਪਣੇ ਪਰਚੇ 'ਸਮਤਾ' ਵਿੱਚ ਛਾਪਕੇ ਪੰਜਾਬ ਭਰ ਦੇ ਅਧਿਆਪਕਾ ਤੱਕ ਪਹੁੰਚਾ ਦਿਉ। ਗੁਰਸ਼ਰਨ ਜੀ, ਵਿਦਿਅਕ ਫਰੰਟ 'ਤੇ ਕਮਿਊਨਿਸਟਾਂ ਵੱਲੋਂ ਲੁਟੇਰੀ ਸਰਮਾਏਦਾਰ ਜਮਾਤ ਦਾ ਤਸੱਲੀਬਖਸ਼ ਟਾਕਰਾ ਨਹੀਂ ਕੀਤਾ ਜਾ ਰਿਹਾ। ਵਿਦਿਅਕ ਫਰੰਟ ਇੱਕ ਮਹੱਤਵ-ਪੂਰਨ ਫਰੰਟ ਹੈ। ਸਾਨੂੰ ਫੌਰੀ ਤੌਰ ਤੇ ਇਸ ਫਰੰਟ ਵੱਲ ਧਿਆਨ ਦੇਣ ਦੀ ਲੋੜ ਹੈ। ਜੇ ਸਾਡੇ ਅਧਿਆਪਕ ਸਾਥੀ ਇਸ ਚਿੱਠੀ 'ਚ ਪ੍ਰਗਟਾਏ ਵਿਚਾਰਾਂ ਮੁਤਾਬਕ ਕੋਈ ਕਦਮ ਚੁੱਕਣ ਤਾ ਅਸੀਂ ਛੇਤੀ ਹੀ ਵਿਦਿਅਕ ਫਰੰਟ ਤੇ ਟਾਕਰਾ ਸ਼ੁਰੂ ਕਰ ਦਿਆਂਗੇ। ਤੁਸੀਂ ਪਹਿਲਾਂ ਵੀ "ਪਰੋਲਤਾਰੀ ਮਾਪਿਆਂ ਦੇ ਨਾਉਂ ਸਨੇਹਾ" ਛਾਪ ਕੇ ਅਧਿਆਪਕਾਂ ਨੂੰ ਇਸ ਪਾਸੇ ਸੋਚਣ ਲਈ ਪ੍ਰੇਰਿਆ ਹੈ। ਹੁਣ ਕ੍ਰਿਪਾ ਕਰਕੇ ਇਸ ਚਿੱਠੀ ਨੂੰ ਪੰਜਾਬ ਭਰ ਦੇ ਅਧਿਆਪਕਾਂ ਤੱਕ ਪਹੁੰਚਾ ਦਿਉ ਤਾਂ ਕਿ ਵਿਦਿਅਕ ਫਰੰਟ 'ਤੇ ਕਿਸੇ ਤਸੱਲੀ ਬਖਸ਼ ਢੰਗ ਨਾਲ ਲੜਾਈ ਛੇੜਨ ਦੀ ਵਿਉਂਤ ਬਣਾਈ ਜਾ ਸਕੇ।

ਭਰਪੂਰ ਆਸ ਨਾਲ/ਬਲਦੇਵ ਸਿੰਘ

## ਕਮਿਊਨਿਸਟ ਲਹਿਰ ਨਾਲ ਵਾਹ ਰੱਖਣ ਵਾਲੇ ਅੰਧਿਆਪਕਾਂ ਦੇ ਨਾਉਂ ਚਿੱਠੀ

ਸਾਥੀਉ,

ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੌਜੂਦਾ ਜਮਾਤੀ ਸਮਾਜ ਵਿੱਚ ਵਿਦਿਆ ਇੱਕ ਅਜਿਹਾ ਹਥਿਆਰ ਹੈ ਜਿਸਨੂੰ ਹਰ ਜਮਾਤ ਆਪਣੀ ਵਿਰੋਧੀ ਜਮਾਤ ਵਿਰੁੱਧ ਵਰਤਦੀ ਹੈ। ਤੁਸੀਂ ਇਹ ਵੀ ਜਾਣਦੇ ਹੋ ਕਿ ਸਾਡੇ ਦੇਸ਼ ਦਾ ਮੌਜੂਦਾ ਵਿਦਿਅਕ ਪ੍ਰਬੰਧ ਹਾਕਮ ਸਰਮਾਏਦਾਰ ਜਮਾਤ ਦੀ ਸੇਵਾ ਕਰਦਾ ਹੈ। ਕੀ ਤੁਸੀਂ ਕਦੀ ਸੋਚਿਐ ਕਿ ਜੋ ਕੁਝ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹੋ ਉਸ ਨਾਲ ਤੁਸੀਂ ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤਕਸ਼ ਤਬਕਿਆਂ 'ਚੋਂ ਆਏ ਵਿਦਿਆਰਥੀ ਨੌਜਵਾਨਾਂ ਨੂੰ ਮੌਜੂਦਾ ਲੁਟੇਰੇ ਸਰਮਾਏਦਾਰੀ ਨਿਜ਼ਾਮ ਦੀ ਰਾਖੀ ਲਈ ਤਿਆਰ ਕਰਦੇ ਹੋ? ਹੁਣ ਤੁਸੀਂ ਕਹੋਗੇ ਕਿ ਹੋਰ ਅਸੀਂ ਕਰ ਵੀ ਕੀ ਸਕਦੇ ਹਾਂ? ਜਿੰਨੀ ਦੇਰ ਇਨਕਲਾਬ ਨਹੀਂ ਹੁੰਦਾ, ਜਿੰਨੀ ਦੇਰ ਮੌਜੂਦਾ ਵਿਦਿਅਕ ਪ੍ਰਬੰਧ ਕਾਇਮ ਹੈ ਉਨੀਂ ਦੇਰ ਅਸੀਂ ਲੁਟੇਰੀ ਹਾਕਮ ਜਮਾਤ ਵੱਲੋਂ ਘੜੀ ਵਿਦਿਆ ਹੀ ਆਪਣੇ ਵਿਦਿਆਰਥੀਆਂ ਨੂੰ ਦੇ ਸਕਦੇ ਹਾਂ। ਇਹ ਗਲਤ ਸੋਚ ਹੈ। ਤੁਸੀਂ ਇਨਕਲਾਬ ਆਉਣ ਤੋਂ ਪਹਿਲਾਂ ਵੀ ਆਪਣੇ ਵਿਦਿਆਰਥੀਆਂ ਨੂੰ ਪ੍ਰੋਲਤਾਰੀ ਵਿਦਿਆ ਦੇ ਸਕਦੇ ਹੋ।

**ਨਾਲੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਮਜ਼ਦੂਰ ਜਮਾਤ ਨੂੰ ਪ੍ਰੋਲੇਤਾਰੀ ਵਿਦਿਆ ਦੇ ਹਥਿਆਰ ਨਾਲ ਲੈਸ ਕਰਨ ਤੋਂ ਬਿਨਾਂ ਬਿਨਾਂ ਇਨਕਲਾਬ ਹੋ ਹੀ ਨਹੀਂ ਸਕਦਾ।**

ਇਨਕਲਾਬ ਵੀ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਅਸੀਂ ਮਜ਼ਦੂਰ ਜਮਾਤ ਨੂੰ ਉਸਦੀ ਆਪਣੀ ਜਮਾਤੀ ਵਿਦਿਆ ਨਾਲ ਲੈਸ ਕਰਾਂਗੇ। ਥੋਨੂੰ ਇਨਕਲਾਬ ਦੀ ਤਿਆਰੀ ਲਈ ਮਜ਼ਦੂਰ ਜਮਾਤ ਨੂੰ ਉਸਦੀ ਆਪਣੀ ਵਿਦਿਆ ਦੇਣੀ ਚਾਹੀਦੀ ਹੈ। ਹੁਣ ਤੁਸੀਂ ਕਹੋਗੇ ਕਿ ਇਹ ਕਿਵੇਂ ਹੋ ਸਕਦੈ? ਦੋਸਤੋ ਇਹ ਇਉਂ ਹੋ ਸਕਦੈ ਬਈ ਤੁਸੀਂ (ਆਪਣੇ ਵਿਦਿਆਰਥੀਆਂ ਨੂੰ ਮੌਜੂਦਾ ਸਲੇਬਸ ਮੁਤਾਬਕ ਵੀ ਪੜਾਉ, ਇਹ ਤਾਂ ਥੋਨੂੰ ਕਰਨਾ ਹੀ ਪੈਣੈ, ਜਦੋਂ ਤੱਕ ਅਸੀਂ ਰਾਜਸਤਾ ਨਹੀਂ ਖੋਹ ਲੈਂਦੇ) ਹਰ ਰੋਜ਼ ਆਪਣੇ ਵਿਦਿਆਰਥੀਆਂ ਨੂੰ ਦੋ ਘੰਟੇ ਪ੍ਰੋਲਤਾਰੀ ਵਿਦਿਆ ਦਿਉ। ਦੋ ਘੰਟੇ ਤਾਂ ਘੱਟੋ ਘੱਟ ਹੈ ਵੈਸੇ ਤੁਸੀਂ ਵੱਧ ਸਮਾਂ ਕੱਢ ਸਕਦੇ ਹੋ ਤੇ ਕੱਢਣਾ ਚਾਹੀਦੈ। ਜੇ ਤੁਸੀਂ ਹਰ ਰੋਜ਼ ਦੋ ਘੰਟੇ ਵੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ 'ਚੋਂ ਆਏ ਵਿਦਿਆਰਥੀਆਂ ਨੂੰ ਪ੍ਰੋਲਤਾਰੀ ਵਿਦਿਆ ਦਿਉ ਤਾਂ ਤੁਸੀਂ ਇਨਕਲਾਬ ਦੀ ਚੰਗੀ ਸੇਵਾ ਕਰ ਸਕਦੇ ਹੋ। ਇਸਤੋਂ ਬਿਨਾਂ ਤਸੀਂ ਸ਼ਹਿਰਾਂ ਤੇ ਪਿੰਡ 'ਚ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੇ ਅਧਿਐਨ ਕੇਂਦਰ (ਸਟੱਡੀ ਸਰਕਲ) ਖੋਲ੍ਹ ਸਕਦੇ ਹੋ ਜਿਵੇਂ ਸਰਕਾਰ ਬਾਲਗ ਵਿਦਿਆ ਦੇ ਪ੍ਰੋਗਰਾਮ ਕਰਦੀ ਹੈ। ਤੁਸੀਂ ਕਮਿਊਨਿਸਟ ਹੋ ਕੇ ਵੀ ਆਪਣੇ ਵਿਦਿਆਰਥੀਆਂ ਨੂੰ ਸਰਮਾਏਦਾਰੀ ਵਿਦਿਆ ਨਾਲ ਲੈਸ ਕਰੀ ਜਾਨੇਉਂ, ਠੀਕ ਐ, ਤੁਸੀਂ ਮਜ਼ਬੂਰ ਹੋ ਇਉਂ ਕਰਨ ਲਈ ਪਰ ਤੁਸੀਂ ਨਾਲ ਦੀ ਨਾਲ ਹੀ ਮਜ਼ਦੂਰ ਜਮਾਤ ਦੀ ਵਿਦਿਆ ਵੀ ਤਾਂ ਆਪਣੇ ਵਿਦਿਆਰਥੀਆਂ ਨੂੰ ਦੇ ਸਕਦੇ ਓਂ। ਇਉਂ ਕਰਨ ਤੋਂ ਤਾਂ ਥੋਨੂੰ ਕੋਈ ਨੀਂ ਰੋਕ ਸਕਦਾ। ਸਗੋਂ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਦੋਵੇਂ ਵਿਚਿਆਵਾਂ ਦਾ ਮੁਕਾਬਲਾ ਕਰਕੇ ਇਹ ਸਿਖਾਉ ਕਿ ਕਿਵੇਂ ਸਰਮਾਏਦਾਰੀ ਵਿਦਿਆ

ਸਾਡੇ ਲਈ ਨੁਕਸਾਨਦੇਹ ਹੈ ਤੇ ਮਜ਼ਦੂਰ ਵਿਦਿਆ ਸਾਡੇ ਹਿਤਾਂ 'ਚ ਹੈ। ਇਉਂ ਕਰਕੇ ਤੁਸੀਂ ਵਿਸ਼ਾਲ ਕਮਿਊਨਿਸਟ ਕੇਡਰ ਪੈਦਾ ਕਰ ਸਕਦੇ ਉਂ। ਖਾਸ ਕਰਕੇ ਸਕੂਲਾਂ ਦੇ ਵਿਦਿਆਰਥੀਆਂ ਦੇ ਕੋਰੇ ਦਿਮਾਗ ਬਹੁਤ ਛੇਤੀ ਇਹ ਵਿਦਿਆ ਗ੍ਰਹਿਣ ਕਰ ਸਕਦੇ ਨੇ।

ਕਈ ਅਧਿਆਪਕ ਸਾਥੀ ਇਸ ਪਾਸੇ ਕੋਸ਼ਿਸ਼ ਕਰਦੇ ਵੀ ਨੇ ਪਰ ਇਕੱਲੇ 2 ਦੀ ਉਹਨਾਂ ਦੀ ਕੋਸ਼ਿਸ਼ ਕੋਈ ਚੰਗੇ ਸਿੱਟੇ ਨਹੀਂ ਕੱਢ ਸਕਦੀ। ਥੋਨੂੰ ਇਕ ਪਾਸੈ ਬੱਝਵੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆ ਨੇ। ਤੁਸੀਂ ਸਾਰੇ ਕਮਿਊਨਿਸਟ ਅਧਿਆਪਕ ਆਪਸ ਵਿੱਚ ਵਿਚਾਰ ਵਿਟਾਂਦਰਾਂ ਕਰਕੇ ਇਸ ਉਲਟ ਇਨਕਲਾਬੀ ਵਿਦਿਅਕ ਪ੍ਰਬੰਧ ਦੇ ਮਕਾਬਲੇ ਬਕਾਇਦਾ ਇਨਕਲਾਬੀ ਵਿਦਿਅਕ ਅਦਾਰੇ ਦੀ ਸਥਾਪਨਾ ਕਰੋ। ਅਜਿਹਾ ਅਦਾਰਾ ਜਿਹੜਾ ਬਕਾਇਦਾ ਇੱਕ ਸਲੇਬਸ ਤਿਆਰ ਕਰੇ ਤੇ ਉਸ ਸਲੇਬਸ ਮਤਾਬਕ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਪ੍ਰੋਲਤਾਰੀ ਵਿਦਿਆ ਦਿਉ।

ਭਰਵੇਂ ਹੁੰਗਾਰੇ ਦੀ ਆਸ ਨਾਲ,

**ਬਲਦੇਵ ਸਿੰਘ**

## ਅਧਿਆਪਕ ਬਨਾਮ ਅਧਿਆਪਕ

ਸਮਤਾ 34 ਵਿਚ ਅਧਿਆਪਕਾਂ ਦੀਆਂ ਕਿਸਮਾਂ ਪੜ੍ਹਕੇ ਤੇ ਹੋਰ ਮੈਟਰ ਪੜ੍ਹਕੇ, ਮਹਿਸੂਸ ਹੋਇਆ ਕਿ ਲਿਖਣ ਵਾਲੇ ਨੇ ਕਾਫੀ ਚੰਗਾ ਤੇ ਠੀਕ ਲਿਖਿਆ ਹੈ। ਏਹ ਪ੍ਰਾਪਤੀ ਅਸਲ 'ਚ 'ਸਮਤਾ' ਦੀ ਹੈ। ਅਧਿਆਪਕਾਂ ਦੀਆਂ ਕਿਸਮਾਂ ਵਿਚ ਇਕ ਕਿਸਮ ਹੋਰ ਵੀ ਹੈ,, ਜੇਹੜੀ ਦੱਸੇ ਤੇ ਲਿਖੇ ਪੰਜ ਕਿਸਮ ਦੇ ਅਧਿਆਪਕਾਂ ਵਿਚ ਮਿਸ਼ਰਨ ਤੋਰ ਤੇ ਮਿਲਦੀ ਹੈ—ਉਹ ਹੈ, 'ਲੇਖਕ–ਅਧਿਆਪਕ' ਪੰਜਾਬੀ ਦੇ 90% ਲਿਖਾਰੀ, ਅਧਿਆਪਕ ਲੱਗੇ ਹੋਏ ਹਨ। ਏਹ ਕਿਸਮ ਇਜੇਹੀ ਹੈ, ਜੇਹੜੀ ਸ਼ੋਸ਼ਣ ਦੀ ਕੱਟੜ ਵਿਰੋਧੀ ਹੁੰਦੀ ਹੋਈ ਵੀ ਮਜਬੂਰਨ ਸ਼ਸ਼ਿਤ ਹੁੰਦੀ ਹੈ। ਅਕਸਰ ਏਸ ਸ਼ਰੇਣੀ ਨੂੰ ਮਨੋਵਿਗਿਆਨਿਕ ਤੋਰ ਤੇ, ਹੈੱਡ ਵਲੋਂ ਕ੍ਰਾਤੀਕਾਰ ਕਰਕੇ, ਚੰਗੇ ਸਾਹਿਤ ਸਿਰਜਣ ਵਲੋਂ ਮੋੜਕੇ, ਵੱਧੂ ਦੇ ਏਜੰਟਾਂ ਵਿਚ ਫਸਾਇਆ ਜਾਂਦੈ। ਹੈੱਡ ਸਾਹਿਬ ਜਾਂ ਸਹਿਯੋਗੀ ਅਧਿਆਪਕ ਲੇਖਕ–ਮਨ ਨੂੰ ਸਮਝਣ ਤੋਂ ਅਸਮਰੱਥ ਹੁੰਦੇ ਹੋਏ, ਤੇ ਇਕ ਲੇਖਕ ਦੀ ਸਭਿਆਚਾਰਕ ਮਹੱਤਤਾ ਨੂੰ ਅੱਖੋਂ ਓਹਲੇ ਕਰਕੇ, ਘਟੀਆ ਸਕੂਲ ਰਾਜਨੀਤੀ ਵਿਚ ਲਬੇੜ ਲੈਂਦੇ ਹਨ। ਤੁਹਾਡੇ 'ਲੇਖਕ' ਨੇ ਲੀਡਰ ਅਧਿਆਪਕਾਂ ਬਾਰੇ ਉਲਾਰੂ ਤੇ ਇਕ ਪਾਸੜ ਰਾਇ ਪਰਗਟਾਈ ਹੈ। ਬਹੁਤੇ ਲੀਡਰ, ਸਕੂਲੋਂ ਮੁੱਖ ਮੋੜ ਕੇ ਫਲਾਣੇ ਅਧਿਆਪਕ ਦੇ ਕੰਮ ਜਾਣੈ, ਮਿਲਕੇ ਟੂਰ ਲਈ ਫੰਡ ਕਰਨੈ, ਧਿਮਕੀ ਭੈਣ ਜੀ ਦੀ ਨਿਯੁਕਤੀ ਕਰਾਉਣੀ ਹੈ—ਸਕੂਲੋਂ ਅਲੋਪ ਰਹਿੰਦੇ ਹਨ, ਅਸਲੀਅਤ 'ਚ ਉਹ ਆਪਣੇ ਕੰਮੀ–ਧੰਧੀ ਹੀ ਰੁਝੇ ਹੁੰਦੇ ਹਨ। ਕਈ ਲੀਡਰ ਤਾਂ ਯੂਨੀਅਨ ਦੀਆਂ ਜ਼ਰੂਰੀ ਮੀਟਿੰਗਾਂ ਵਿਚ ਵੀ ਹਾਜ਼ਰੀ ਨਹੀਂ ਦਿੰਦੇ। ਪਿਛੋਂ ਦੂਜੇ ਅਧਿਆਪਕ ਸਾਥੀ ਉਨ੍ਹਾਂ ਦੀਆਂ ਕਲਾਸਾਂ ਨੂੰ ਪੜ੍ਹਾਉਂਦੇ ਹਨ ਕਿਉਂ ਜੁ ਲੀਡਰ ਸਾਹਬ ਅਧਿਆਪਕ ਵਰਗ ਦੇ ਨੇਕ ਕੰਮਾਂ ਲਈ ਗਏ ਹੁੰਦੇ ਹਨ। ਪਿਆਰੇ ਭਾਅ ਜੀ, ਹੁਣ ਆਪਣੀ ਹੱਡਬੀਤੀ ਦਸਦਾ ਹਾ। ਮੇਰੀ ਬੀਬੀ ਦੀ ਮੌਤ ਨੂੰ ਇਕ ਸਾਲ ਹੋ ਚੱਲਿਆ ਹੈ। ਉਹ ਪ੍ਰਾਇਮਰੀ ਅਧਿਆਪਕਾ ਸੀ। ਉਹਦੇ ਨਮਿਤ ਰੱਖੇ ਭੋਗ੍ਹਾਂ (ਪੇਕੀਂ ਤੇ ਸਹੁਰੀਂ) ਸਮੇਂ ਅਧਿਆਪਕ ਨੇਤਾਵਾਂ ਨੇ ਆਪਣੇ ਸ਼ਬਦੀ ਚਮਤਕਾਰ ਦਿਖਾਏ (ਉਹ ਵੀ ਤਾਂ ਕਿ, ਮੇਰਾ ਅਧਿਆਪਕ, ਲੇਖਕ ਤੇ ਰਾਜਨੀਤਕ ਵਰਗ 'ਚ ਮਾੜੀ ਮੋਟੀ ਥਾਂ ਹੈ) ਪਰ ਨਤੀਜਾ ਏਹ ਹੈ ਕਿ ਬਲਾਕ ਸਿਖਿਆ ਅਫਸਰਾਂ ਤੇ ਜ਼ਿਲਾ ਸਿਖਿਆ ਅਫਸਰਾਂ ਨੇ ਖੁਦ ਦਿਲਚਸਪੀ ਲੈ ਕੇ ਯੂਨੀਅਨ ਨੂੰ ਫੰਡ ਇਕੱਠੇ ਕਰਾਏ, ਪਰ ਬਲਾਕ ਪਰਧਾਨ ਸਾਹਬ ਦੇ ਘਰੇ ਤਿੰਨ ਵੇਰ ਜਾਕੇ ਕਹਿਣ ਦੇ ਬਾਵਜੂਦ ਵੀ, ਇੱਕਤਰਤ ਹੋਇਆ ਫੰਡ ਅਜੇ ਤਕ ਮੇਰੇ ਬੱਚਿਆਂ ਜਾਂ ਮੇਰੇ ਤਕ ਨਹੀਂ ਪਹੁੰਚਾਇਆ ਗਿਆ। ਭਾਵੇਂ ਮੈਂ ਗਲਤ ਨਹੀਂ ਹੋਵਾਂਗਾ, ਜੋ ਬਹਾਂ ਕਿ ਯੂਨੀਅਨ ਏਨੇ ਚਿਰ ਦਾ ਫੰਡ ਦਾ ਵਿਆਜ ਖਾਂਦੀ ਰਹੀ, ਪਰ ਮੇਰੀ ਏਸ ਗੱਲ ਨੂੰ ਗਰੁਪਬਾਜੀ ਵਿਚ ਲਿਆ ਜਾਵੇਗਾ। ਮੈਂ ਅਕਸਰ ਸੋਚਦਾ ਹਾਂ ਕਿ ਪੰਚਾਇਤ ਤੋਂ ਲੈ ਕੇ ਮੁਖ ਮੰਤਰੀ ਤੱਕ ਪੈਂਦਾ ਕੰਮ ਕਰਾਉਣ ਵਾਲਾ (ਮੇਰੇ ਵਾਕਫ ਭਲੀ ਭਾਂਤ ਜਾਣਦੇ ਹਨ) ਮੇਰਾ ਵਰਗਾ ਵਿਅਕਤੀ ਵੀ ਯੂਨੀਅਨ ਵਲੋਂ ਪੀੜਿਤ ਹੋਵੇ ਤਾਂ ਉਨ੍ਹਾਂ ਮੁਟਿਆਰਾਂ ਦਾ ਕੀ ਬਣਦਾ ਹੋਵੇਗਾ ਜਿਨ੍ਹਾਂ ਦੇ ਨੌਜਵਾਨ ਅਧਿਆਪਕ ਪਤੀਆਂ ਦੀ ਮੌਤ ਕਾਰਨ ਯੂਨੀਅਨ ਲੀਡਰਾਂ ਜਾਂ ਦਫਤਰੀ ਅਮਲੇ ਨਾਲ ਵਾਅ ਪੈਂਦਾ ਹੋਵੇਗਾ। ਮੈਂ ਅਕਸਰ ਦੁਆ ਕਰਦਾ ਹਾਂ ਕਿ ਕਿਸੇ ਦਾ ਪਤੀ ਪਤਨੀ ਨਾ ਮਰੇ ਜੋ ਅਧਿਆਪਕ ਹੋਵੇ।

—ਹਰਪਾਲਜੀਤ ਪਾਲੀ

## ਸਾਡਾ ਵਿਦਿਅਕ ਸਿਸਟਮ ਅਤੇ ਅਧਿਆਪਕ

**ਦਲੀਪ ਸਿੰਘ ਜੁਨੇਜਾ**

ਸਮਤਾ ਮਾਰਚ 1983 ਵਿਚ ਉਪਰੋਕਤ ਵਿਸ਼ੇ ਤੇ ਛਪੇ ਦੋ ਲੇਖ ਪੜ੍ਹਨ ਦਾ ਮੌਕਾ ਮਿਲਿਆ। ਦੋਹਾਂ ਲੇਖਾਂ ਵਿਚ ਅਧਿਆਪਕ ਸਾਥੀਆਂ ਨੇ ਡਿੱਗ ਰਹੇ ਵਿਦਿਅਕ ਮਿਆਰ ਲਈ ਮੌਜੂਦਾ ਸਮਾਜਿਕ ਢਾਂਚੇ ਨੂੰ ਦੋਸ਼ੀ ਠਹਿਰਾਇਆ ਹੈ। ਮੈਂ ਨਾ ਤਾਂ ਮੌਜੂਦਾ ਅਫਸਰਸ਼ਾਹੀ ਤੇ ਸਰਮਾਏਦਾਰੀ ਢਾਂਚੇ ਦੀ ਵਕਾਲਤ ਹੀ ਕਰਨੀ ਹੈ ਤੇ ਨਾ ਹੀ ਅਧਿਆਪਕ ਵਰਗ ਦੀ ਭੰਡੀ ਕਿਉਂਕਿ ਮੈਂ ਵੀ ਸੋਲਾਂ ਸਾਲ ਪ੍ਰਾਇਮਰੀ ਦੀ ਦੂਜੀ ਜਮਾਤ ਤੋਂ ਲੈ ਕੇ

ਗਿਆਰਵੀਂ ਜਮਾਤ ਤੱਕ ਪੜ੍ਹਾਇਆ ਹੈ। ਗੁਰਨਾਮ ਸਿੰਘ ਵੱਲੋਂ ਜੋ ਅਧਿਆਪਕਾਂ ਦਾ ਵਰਗੀਕਰਨ ਕੀਤਾ ਗਿਆ ਹੈ ਉਹ ਕਾਫ਼ੀ ਹੱਦ ਤੱਕ ਠੀਕ ਹੈ ਪਰ ਜਦੋਂ ਅਸੀਂ ਸਮੁੱਚੇ ਵਿਦਿਅਕ ਢਾਂਚੇ ਦੇ ਸੁਧਾਰ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਮੌਜੂਦਾ ਤੱਥਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਜੇ ਨੂੰ ਮੁੱਖ ਰੱਖ ਕੇ। ਜੇ ਇਨਕਲਾਬ ਆ ਜਾਵੇ ਤਾਂ ਔਹ ਹੋਵੇਗਾ, ਔਹ ਹੋਵੇਗਾ। ਕੀ ਸਮਾਜਵਾਦ ਆਣ ਨਾਲ ਬੱਚੇ ਆਪਣੇ ਆਪ ਪਾਸ ਹੋਇਆ ਕਰਨਗੇ ? ਕੀ ਅਧਿਆਪਕਾਂ ਨੂੰ ਪੜ੍ਹਾਉਣਾ ਨਹੀਂ ਪਵੇਗਾ ? ਕੀ ਰੂਸ ਤੇ ਚੀਨ ਵਿਚ ਅਧਿਆਪਕ ਆਪਣਾ ਫ਼ਰਜ਼ ਤਨਦੇਹੀ ਨਾਲ ਨਹੀਂ ਨਿਭਾਉਂਦੇ ? ਰੂਸ ਵਿਚ ਤਾਂ ਹਰ ਅਧਿ-ਆਪਕ ਦਾ ਕਨਟਰੈਕਟ ਹੁੰਦਾ ਹੈ। ਕੁਝ ਸਮੇਂ ਲਈ ਜੇਕਰ ਉਹ ਕੰਮ ਨਹੀਂ ਕਰਦਾ ਤਾਂ ਅਗੋਂ ਕੰਟਰੈਕਟ ਨਹੀਂ ਮਿਲਦਾ। ਇਹ ਨਹੀਂ ਕਿ ਬਿਨਾਂ ਕੰਮ ਕੀਤੇ ਹਰ ਸਾਲ ਤਰੱਕੀ ਲਗਦੀ ਜਾਵੇ। ਕੀ ਸਾਡੇ ਅਧਿਆਪਕਾਂ ਨੂੰ ਇਨਕਲਾਬ ਦੀ ਉਡੀਕ ਕਰਦਿਆਂ ਹੱਥ ਤੇ ਹੱਥ ਧਰ ਕੇ ਬਹਿ ਜਾਣਾ ਚਾਹੀਦਾ ਹੈ। ਕੀ ਇਨਕਲਾਬ ਪਬਲਿਕ ਸਕੂਲਾਂ ਵਿਚ ਅਫ਼ਸਰਸ਼ਾਹੀ ਤੇ ਪੜ੍ਹਿਆਂ ਬੱਚਿਆਂ ਨੇ ਲਿਆਣਾ ਹੈ ? ਕੀ ਅਧਿਆਪਕ ਪਿੰਡਾਂ ਦੇ ਬੱਚਿਆਂ ਨੂੰ ਚੰਗੀ ਪੜ੍ਹਾਈ ਨਾ ਕਰਾ ਕੇ ਸਰਮਾਏਦਾਰੀ ਤੇ ਅਫਸਰ-ਸ਼ਾਹੀ ਨੂੰ ਪੱਠੇ ਨਹੀਂ ਪਾ ਰਹੇ ਤੇ ਇਨਕਲਾਬ ਦੇ ਰਾਹ 'ਚ ਰੋੜਾ ਨਹੀਂ ਬਣ ਰਹੇ ? ਸਰਕਾਰੀ ਸਕੂਲਾਂ ਵਿਚ ਕੇਵਲ ਮੱਧ-ਸ਼ਰੇਣੀ ਤੇ ਹੋਰ ਆਰਥਿਕ ਤੌਰ ਤੇ ਪਛੜੇ ਹੋਏ ਲੋਕਾਂ ਦੇ ਬੱਚੇ ਹੀ ਤਾਂ ਪੜ੍ਹਦੇ ਹਨ।

ਗੱਲ ਅਸਲ 'ਚ ਇਹ ਹੈ ਕਿ ਅੱਜ ਦਾ ਅਧਿਆਪਕ ਦਿਸ਼ਾ-ਹੀਣ ਤੇ ਹੀਣ ਭਾਵਨਾ ਦਾ ਸ਼ਿਕਾਰ ਹੈ। ਬਹੁਤੇ ਤਾਂ ਅਧਿਆਪਕ ਬਣੇ ਹੀ ਤਾਂ ਹੁੰਦੇ ਹਨ ਜਦੋਂ ਹੋਰ ਕੋਈ 'ਚੱਜ' ਦੀ ਨੌਕਰੀ ਨਹੀਂ ਮਿਲੀ ਹੁੰਦੀ। ਕਿੰਨੇ ਕੁ ਅਧਿਆਪਕ ਹਨ ਜਿਨ੍ਹਾਂ ਨੂੰ ਜ਼ਿਲੇਦਾਰੀ, ਤਹਿਸੀਲਦਾਰੀ ਤੇ ਥਾਣੇਦਾਰੀ ਦੀ ਨੌਕਰੀ ਮਿਲੀ ਸੀ ਪਰ ਉਹ ਗਏ, ਨਹੀਂ। ਅਧਿਆਪਕ ਸਮਾਜ ਤੋਂ ਸਟੇਟਸ ਦੀ ਮੰਗ ਕਰਦਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਚੰਗੇ ਅਧਿਆਪਕ ਦਾ ਅਜੇ ਵੀ ਪਿੰਡਾਂ ਵਿਚ ਬਹੁਤ ਸਤਿਕਾਰ ਕੀਤਾ ਜਾਂਦਾ ਹੈ।

ਆਮ ਕਰਕੇ ਅਧਿਆਪਕ ਜਦੋਂ ਆਪਣੇ ਕਿੱਤੇ ਦੀ ਤੁਲਨਾ ਦੂਜਿਆਂ ਨਾਲ ਕਰਦਾ ਹੈ ਤਾਂ ਉਸ ਨੂੰ ਕਾਫ਼ੀ ਨਿਰਾਸ਼ਾ ਹੁੰਦੀ ਹੈ। ਕੀ ਦੂਜੇ ਕਿੱਤਿਆਂ ਜਿਵੇਂ ਪੁਲਿਸ, ਪਟਵਾਰੀ ਆਦਿ ਦੀ ਲੋਕਾਂ ਦੇ ਦਿਲ 'ਚ ਜ਼ਿਆਦਾ ਕਦਰ ਹੈ, ਨਹੀਂ, ਬਿਲਕੁਲ ਨਹੀਂ। ਬ੍ਰਸ਼ੋਂ ਲੋਕੀਂ ਫਸੇ ਖੌਰੇ ਖਾਈ ਜਾਂਦੇ ਹਨ। ਪੁਲਿਸ ਦੀ ਇੱਜ਼ਤ ਪੁਲਿਸ ਦੇ ਸੰਧਿਮ ਕਰਕੇ ਨਾ ਕਿ ਦਿਲੋਂ। ਸਾਹਮਣੇ ਨਾ ਸਹੀ ਪਿੱਛੋਂ ਕੰਡੀ ਤਾਂ ਲੋਕ ਉਨ੍ਹਾਂ ਨੂੰ ਫੱਕੜ ਹੀ ਬੋਲਦੇ ਹਨ।

ਅਧਿਆਪਕ ਦਾ ਸਮਾਜਕ ਸਟੇਟਸ ਬਨਾਉਣ ਵਿਚ ਕੀ ਚੰਗੇ ਗਰੇਡ ਸਹਾਈ ਹੋ ਸਕਦੇ ਹਨ ? ਇਸ ਗੱਲ ਦੀ ਕੀ ਗਰੰਟੀ ਹੈ ਕਿ ਚੰਗੇ ਗਰੇਡ ਮਿਲਣ ਨਾਲ ਅਧਿਆਪਕ ਚੰਗੀ ਪੜ੍ਹਾਈ ਕਰਾਉਣ ਲੱਗ ਜਾਣਗੇ। ਪੰਜਾਬ ਵਿਚ ਹਾਇਰ ਸੈਕੰਡਰੀ ਸਿਸਟਮ 1958 ਵਿਚ ਸ਼ੁਰੂ ਕੀਤਾ ਗਿਆ ਹੈ। 1963 ਵਿਚ ਹਾਇਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਨੂੰ ਗਜ਼ਟਿਡ ਸਟੇਟਸ ਦੇ ਕੇ ਪ੍ਰਿੰਸੀਪਲ ਦਾ ਅਹੁਦਾ ਦਿਤਾ ਗਿਆ। ਗਿਆਰਵੀਂ ਜਮਾਤ ਨੂੰ ਪੜ੍ਹਾਉਣ ਲਈ ਲੈਕਚਰਰ ਨਿਯੁਕਤ ਕੀਤੇ ਗਏ। ਉਦੋਂ ਇਨ੍ਹਾਂ ਦੀ ਭਰਤੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਕੀਤੀ ਗਈ। ਉਦੋਂ ਸਕੂਲ ਲੈਕਚਰਰ ਤੇ ਕਾਲਜ ਲੈਕਚਰਰ ਨੂੰ ਇਕੋ ਜਿਹਾ ਗਰੇਡ 200-00 ਦਿਤਾ ਗਿਆ। ਪਰ ਕੀ ਸਕੂਲ ਲੈਕਚਰਰ ਕਾਲਜ ਲੈਕਚਰਰ ਜਿੰਨੀ ਮਿਹਨਤ ਕਰਾਉਣ ਲੱਗ ਪਿਆ ? ਕੀ ਉਹ ਸਕੂਲ ਜਾਣ ਤੋਂ ਪਹਿਲਾਂ ਆਪਣੇ ਲੈਕਚਰ ਦੀ ਤਿਆਰੀ ਕਰਨ ਲੱਗ ਪਿਆ ! ਨਹੀਂ, ਬਿਲਕੁਲ ਨਹੀਂ ! ਉਸ ਦਾ ਉਹੋ ਪੁਰਾਣਾ ਢੰਗ ਰਿਹਾ, 'ਤੂੰ ਪੜ੍ਹ', ਉਹੋ ਹੱਥ ਵਿਚ 'ਡੰਡਾ'। ਬਾਅਦ ਵਿਚ 1-11-66 ਤੋਂ 829 ਐਮ. ਏ. ਪਾਸ ਮਾਸਟਰਾਂ ਨੂੰ ਤਰੱਕੀ ਦੇ ਕੇ ਲੈਕਚਰਰ ਬਣਾ ਦਿਤਾ ਗਿਆ। ਕੀ ਉਹ ਆਪਣੇ ਵਿਸ਼ਿਆਂ ਵਿਚ ਯੋਗਤਾ ਰੱਖਦੇ ਸਨ ? ਕਈ ਤਾਂ ਉਂਜ ਸਾਇੰਸ ਮਾਸਟਰ ਸਨ ਤੇ ਦੋ ਜਾਂ ਤਿੰਨ ਤਰੱਕੀਆਂ ਲੈਣ ਖ਼ਾਤਰ ਐਮ. ਏ. ਹਿਸਟਰੀ, ਪੰਜਾਬੀ ਦੀ ਕਰੀ ਫਿਰਦੇ ਸਨ। ਤੇ ਇਸ ਤਰ੍ਹਾਂ ਸੀਨੀਆਰਟੀ ਦੇ ਆਧਾਰ ਤੇ ਹਿਸਟਰੀ ਤੇ ਪੰਜਾਬੀ ਦੇ ਲੈਕਚਰਰ ਬਣ ਗਏ।

ਜੇਕਰ ਸਰਕਾਰ ਅਧਿਆਪਕਾਂ ਤੋਂ ਉਨ੍ਹਾਂ ਵੱਲੋਂ ਸਾਰੇ ਸਾਲ ਵਿਚ ਕਰਾਏ ਗਏ ਕੰਮ ਦਾ ਲੇਖਾ ਜੋਖਾ ਮੰਗਦੀ ਹੈ, ਭਾਵ ਪਾਸ ਪ੍ਰਤੀਸ਼ਤ ਤਾਂ ਕੁਰਲਾਹਟ ਮੱਚ ਜਾਂਦੀ ਹੈ। ਜੇਕਰ ਅਸੀਂ ਰਾਜ ਮਿਸਤਰੀ ਤੋਂ ਆਸ ਕਰਦੇ ਹਾਂ ਕਿ ਐਨੇ ਫੁੱਟ ਚਿਨਾਈ ਕਰੇ, ਖੇਤ ਮਜ਼ਦੂਰ ਕਨਾਲ ਦੋ ਕਨਾਲਾਂ ਦੀ ਵਾਢੀ ਕਰੇ ਤਾਂ ਅਧਿਆਪਕ ਤੋਂ ਇਥੋਂ ਤੱਕ ਪੁੱਛਿਆ ਵੀ ਨਾ ਜਾਏ ਕਿ ਉਸ ਨੇ ਸਾਰਾ ਸਾਲ ਕੀ ਪੜ੍ਹਾਇਆ ਹੈ ! ਪਿੰਡਾਂ ਦੇ ਅਧਿਆਪਕ ਜੇ ਇਹ ਕਹਿਣ ਕਿ ਪਿੰਡ ਦੇ ਸਕੂਲ ਦੀ ਇਮਾਰਤ ਨਹੀਂ, ਟੀਚਿੰਗ ਸਾਮੱਗਰੀ ਨਹੀਂ, ਸਲੇਬਸ ਠੀਕ ਨਹੀਂ, ਬੈਠਣ ਦਾ ਪ੍ਰਬੰਧ ਨਹੀਂ, ਪੇਂਡੂ ਭੱਤਾ ਨਹੀਂ ਮਿਲਦਾ—ਪਰ ਜੇਕਰ ਟਾਊਨ ਹਾਲ ਵਰਗੇ ਸਕੂਲਾਂ ਦੇ ਅਧਿਆਪਕ, ਜੋ ਹਰ ਤਰ੍ਹਾਂ ਦੇ ਭੱਤੇ ਤੇ ਸਹੂਲਤਾਂ ਲੈ ਰਹੇ ਹਨ ਵੀ ਇਸ ਤਰ੍ਹਾਂ ਦਾ ਗਿਲਾ ਕਰਨ ਤਾਂ ਉਹਨਾਂ ਕੋਲ ਕਿਹੜੀ ਦਲੀਲ ਹੈ ? ਕੀ ਉਹ ਪ੍ਰਾਈਵੇਟ ਸਕੂਲਾਂ ਦੇ ਨਤੀਜੇ ਨਹੀਂ

ਵੇਖਦੇ ? ਤੇ ਆਪਣੇ ਨਤੀਜੇ ਘਟ ਦਿਖਾਕੇ ਸਰਕਾਰ ਨੂੰ ਇਹ ਬਹਾਨਾ ਨਹੀਂ ਦੇ ਰਹੇ ਕਿ ਵਿਦਿਆ ਦਾ ਕੌਮੀਕਰਨ ਨਾ ਕੀਤਾ ਜਾਏ ਕਿਉਂਕਿ ਪ੍ਰਾਈਵੇਟ ਸਕੂਲ ਚੰਗੇ ਨਤੀਜੇ ਵਿਖਾਂਦੇ ਹਨ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਅਧਿਆਪਕ ਸਾਰਾ ਸਾਲ ਰੈਗੂਲਰ ਹੋ ਕੇ ਬੱਚਿਆਂ ਨੂੰ ਪੜ੍ਹਾਈ ਕਰਾਈ ਜਾਂਦਾ ਹੈ ਤਾਂ ਬੱਚੇ ਦਾ ਫੇਲ੍ਹ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ (ਤੇ ਨਾ ਹੀ ਹੈਲਪ ਬੁੱਕਾਂ ਵਾਲੇ ਕਰੋੜਾਂ ਪਤੀ ਬਣ ਜਾਣ।) ਚੰਗੇ ਨੰਬਰ ਲੈਣ ਦੀ ਗੱਲ ਵੱਖਰੀ ਹੈ। ਗੁਰਨਾਮ ਸਿੰਘ ਦੇ ਲੇਖ ਦਾ ਕਥਨ, 'ਕਿ ਆਪਣੇ ਨਿਰਾਦਰ ਲਈ ਜਿਥੇ ਖੁਦ ਅਧਿਆਪਕ ਜ਼ਿੰਮੇਵਾਰ ਹੈ ਉਥੇ ਭ੍ਰਸਟਿਆ ਹੋਇਆ ਰਾਜਨੀਤਕ ਤੇ ਸਮਾਜਕ ਢਾਂਚਾ ਵੀ ਜ਼ਿੰਮੇਵਾਰ ਹੈ।'

ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ ਕੋਈ ਠੋਸ ਨੀਤੀ ਨਾ ਬਣਨ ਲਈ ਸਰਕਾਰ ਤੇ ਅਧਿਆਪਕ ਕੋੜੇ ਜ਼ਿੰਮੇਵਾਰ ਹਨ। ਜੇ ਅੱਜ ਸਰਕਾਰ ਇਹ ਨੀਤੀ ਬਣਾ ਦੇਵੇ ਕਿ ਜਿਹੜੇ ਅਧਿਆਪਕ ਸ਼ਹਿਰ ਵਿਚ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬੈਠੇ ਹਨ ਉਹ ਪਿੰਡਾਂ ਵਿਚ ਭੇਜੇ ਜਾਣਗੇ ਤਾਂ ਸਾਰੇ ਪਾਸੇ ਹਾਹਾਕਾਰ ਮੱਚ ਜਾਏਗੀ। ਖੁਦ ਅਧਿਆਪਕ ਜੋ ਨਿਯਮ ਬਨਾਉਣ ਲਈ ਕਹਿੰਦੇ ਹਨ, ਉਹ ਹੀ ਵਿਰੁੱਧ ਹੋ ਜਾਣਗੇ ਕਿਉਂਕਿ ਉਨ੍ਹਾਂ ਦੇ ਆਪਣੇ ਚਹੇਤੇ ਸ਼ਹਿਰਾਂ 'ਚ ਚੰਗੀਆਂ ਥਾਵਾਂ ਤੇ ਬੈਠੇ ਹਨ ਤੇ ਅੱਗੇ ਤੋਂ ਉਨ੍ਹਾਂ ਨੇ ਲੀਡਰੀ ਵੀ ਕਰਨੀ ਹੁੰਦੀ ਹੈ।

ਮੈਂ ਗੁਰਨਾਮ ਸਿੰਘ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ 'ਕਿਸੇ ਵੀ ਅਧਿਆਪਕ ਨੇਤਾ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ ਕਿ ਅਧਿਆਪਕ ਆਪਣਾ ਫਰਜ਼ ਪਛਾਨਣ, ਬੱਚਿਆਂ ਨੂੰ ਜੀਅ ਲਾ ਕੇ ਪੜ੍ਹਾਉਣ। ਸਕੂਲਾਂ ਦਾ ਮਹੌਲ ਚੰਗਾ ਬਨਾਉਣ।'

ਕੋਈ ਵੀ ਜੱਦੋ ਜਹਿਦ ਉਦੋਂ ਤੱਕ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਉਸ ਨੂੰ ਲੋਕਾਂ ਦਾ ਸਮਰਥਨ ਨਾ ਹੋਵੇ। ਹੁਣ ਜੇਕਰ ਅਧਿਆਪਕ ਆਪਣੀਆਂ ਹੱਕੀ ਮੰਗਾਂ ਲਈ ਵੀ ਹੜਤਾਲ ਕਰਦੇ ਹਨ ਤਾਂ ਲੋਕਾਂ ਦਾ ਪ੍ਰਤੀਕਰਮ ਹੁੰਦਾ ਹੈ, 'ਅੱਗੇ ਮਾਸਟਰ ਪੜ੍ਹਾਂਦੇ ਨੇ। ਸਾਡੇ ਲਈ ਤਾਂ ਰੋਜ਼ ਹੀ ਸਕੂਲ ਬੰਦ ਨੇ।' ਇਸ ਲਈ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਧਿਆਪਕ ਆਪਣੇ ਫਰਜ਼ ਪ੍ਰਤੀ ਸੁਚੇਤ ਹੋ ਕੇ ਆਪਣੇ ਆਲੇ ਦੁਆਲੇ ਚੰਗੇ ਮਾਹੌਲ ਦੀ ਸਿਰਜਨਾ ਕਰੇ ਅਤੇ ਹੱਕੀ ਮੰਗਾਂ ਲਈ ਲੋਕਾਂ ਦਾ ਵਿਸ਼ਵਾਸ਼ ਜਿੱਤ ਕੇ ਘੋਲ ਕਰੇ ਨਾ ਕਿ ਰਾਜਨੀਤਕ ਪਾਰਟੀਆਂ ਦੀ ਚੁੱਕ 'ਚ ਆ ਕੇ ਕੋਈ ਕਦਮ ਚੁੱਕੇ।

o

—ਮਈ ਦਾ ਸਮਤਾ ਅੰਕ ਪੜ੍ਹਿਆ। ਕਵਿਤਾ ਭਾਗ ਇਸ ਵਾਰ ਸਰਾਹੀ ਨਿੱਕਰ ਹੈ, ਛੁੱਟ ਗੁਰਜੀਤ ਡਡਿਆਲਾ ਦੀ ਕਵਿਤਾ ਦੇ। ਉਸਨੂੰ ਮੇਰਾ ਇਹੀ ਕਹਿਣਾ ਹੈ ਕਿ ਜੇ ਅਸੀਂ ਰੱਬ ਦੀ ਹੋਂਦ ਨੂੰ ਮੰਨਣਾ ਹੈ ਤਾਂ ਫਿਰ ਕਿਸੇ ਵੀ ਸਮਾਜਿਕ, ਰਾਜਨੀਤਕ, ਆਰਥਕ ਅਤੇ ਧਾਰਮਕ ਬੁਰਾਈ ਉੱਤੇ ਕਿੰਤੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਤਾਂ ਫਿਰ ਇਹ ਸਭ ਕੁੱਝ ਉਸਦੀ ਦੇਣ ਹੋਵੇਗੀ।

ਕਹਾਣੀ ਨੀਰ ਤਾਂ ਬਹੁਤ ਹੀ ਚੰਗੀ ਹੈ।

ਹੁਣ ਰਹੀ ਅਲੱਗ ਅਲੱਗ ਟਿੱਪਣੀਆਂ ਦੀ ਗੱਲ ਇੰਜ ਲਗਦਾ ਹੈ ਜਿਵੇਂ ਭਾਰਦਵਾਜ ਦੇ ਲੇਖ ਅਤੇ ਉਸਦੇ ਅਸਤੀਫੇ ਨਾਲ ਕੋਈ ਪਹਾੜ ਟੁੱਟਣ ਲੱਗਿਆ ਹੋਵੇ। ਨਿੱਤ ਦਲਬਦਲੀਆਂ ਹੁੰਦੀਆਂ ਹਨ। ਖੱਬੀਆਂ ਤਾਕਤਾਂ ਆਏ ਦਿਨ ਖੇਰੂੰ ਖੇਰੂੰ ਤੇ ਪਸਤ ਹੁੰਦੀਆਂ ਜਾ ਰਹੀਆਂ ਹਨ। ਕਿਸੇ ਨੂੰ ਕੋਈ ਬਹੁਤਾ ਦੁੱਖ ਨਹੀਂ ਹੁੰਦਾ। ਪਰ ਭਾਰਦਵਾਜ ਦਾ ਲੇਖ...!

ਗੁਰਬਖਸ਼ ਜਸ ਦੇ ਲੇਖ ਤੋਂ ਤਾਂ ਇੰਜ ਜਾਪਦੈ ਜਿਵੇਂ ਫਿਰਕਾ-ਪ੍ਰਸਤੀ ਦਾ ਜਨੂੰਨ ਸਿੱਖਾਂ ਅਤੇ ਭਿੰਡਰਾਂ ਵਾਲੇ ਤੋਂ ਹੀ ਸ਼ੁਰੂ ਹੋਇਆ ਹੋਵੇ। ਮੈਂ ਕਿਸੇ ਵੀ ਜਨੂੰਨੀ ਫਿਰਕਾ ਪ੍ਰਸਤੀ ਦਾ ਕੱਟੜ ਵਿਰੋਧੀ ਹਾਂ, ਪਰ ਜਸ ਆਪ ਹੀ ਇਹ ਕਹਿਕੇ ਕਿ ਕਿਸੇ ਵੀ ਸਿਆਸੀ ਸਥਿੱਤੀ ਨੂੰ ਸਮਝਣ ਵਿੱਚ ਇਤਿਹਾਸ ਹੀ ਹਮੇਸ਼ਾਂ ਹੀ ਸਾਡੀ ਅਗਵਾਈ ਕਰਦਾ ਰਿਹਾ ਹੈ—ਇਤਿਹਾਸ ਤੋਂ ਮੁੱਖ ਮੋੜ ਗਿਆ ਹੈ।

ਇਹ ਫਿਰਕਾ ਪ੍ਰਸਤੀ ਤਾਂ ਅੱਜ ਤੋਂ ਪੰਜ ਕੁ ਹਜ਼ਾਰ ਸਾਲ ਪਹਿਲਾਂ ਹੀ ਭਾਰਤੀ ਦੇ ਆਗਮਨ ਨਾਲ ਸ਼ੁਰੂ ਹੋ ਗਈ ਸੀ ਜਦੋਂ ਬ੍ਰਾਹਮਣ ਵਾਦੀਆਂ ਨੇ ਆਰੀਆਂ ਨੂੰ ਮਨੁੱਖ ਅਤੇ ਗੈਰ-ਆਰੀਆਂ, ਭਾਵ ਦਰਾਵੜਾਂ ਨੂੰ, ਜਾਨਵਰਾਂ ਤੋਂ ਵੀ ਘਟੀਆ ਦਰਜਾ ਦੇ ਕੇ ਉਹਨਾਂ ਵਿਚਾਲੇ ਇੱਕ ਅਜੇਹਾ ਪਾੜਾ ਪਾ ਦਿੱਤਾ ਸੀ ਜੋ ਅੱਜ ਤੱਕ ਵੀ ਮੇਟਿਆ ਨਹੀਂ ਜਾ ਸਕਿਆ ਤੇ ਉਸਦੇ ਬੀਜੇ ਬੀਆਂ ਦੇ ਫਲ ਅੱਜ ਵੀ ਸਾਨੂੰ ਖਾਣੇ ਪੈ ਰਹੇ ਹਨ। ਮਨੂੰ ਸਿਮਰਤੀ ਇਸ ਗੱਲ ਦੀ ਮੂੰਹ ਬੋਲਦੀ ਤਸਵੀਰ ਹੈ। (ਉਂਜ ਭਾਵੇਂ ਭਾਰਦਵਾਜ ਵੀ ਮਨੂੰ ਸਿਮਰਤੀ ਦੀ ਡੂੰਘੀ ਸਾਜ਼ਸ਼ ਨੂੰ) ਕਿਰਤ ਵੰਡ ਦਾ ਨਾਂ ਦੇ ਕੇ ਉਸਦੀਆਂ ਬੁਰਾਈਆਂ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕਰ ਗਿਆ ਹੈ। ਸ਼ਾਇਦ ਆਰੀਆ ਹੋਣ ਕਰ ਕੇ।

ਅੱਜ ਜੋ ਕੁੱਝ ਵੀ ਵਾਪਰ ਰਿਹਾ ਹੈ ਉਹ ਉਸੇ ਬ੍ਰਾਹਮਣ-ਵਾਦੀ ਨੀਤੀਆਂ ਦਾ ਸਿੱਟਾ ਹੈ। ਤੇ ਰਹਿੰਦੀ ਖੂੰਹਦੀ ਕਸਰ ਸਰਮਾਏਦਾਰ ਪੱਖੀ ਕਾਂਗਰਸ ਸਰਕਾਰ ਤੇ ਗੈਰ ਕਾਂਗਰਸੀ ਵਿਰੋਧੀ ਧੜੇ ਨੇ ਪੂਰੀ ਕਰ ਦਿੱਤੀ ਹੈ।

ਭਾਰਦਵਾਜ ਦੇ ਪਹਿਲੇ ਲੇਖ ਸਾਡੀ ਅਮਾਨਤ ਹਨ ਉਹਨਾਂ ਨੂੰ ਅਸੀਂ ਯਾਦ ਰੱਖ ਸਕਦੇ ਹਾਂ ਤੇ ਭਾਰ-ਦਵਾਜ ਨੂੰ ਭੁੱਲ ਸਕਦੇ ਹਾਂ। ਕੋਈ ਬਹੁਤ ਔਖੀ ਗੱਲ ਨਹੀਂ ਹੈ। ਅਸੀਂ ਤਾਂ ਵੱਡੀਆਂ ਵੱਡੀਆਂ ਮੱਖੀਆਂ ਵੇਖ ਕੇ ਨਿਗਲ ਜਾਂਦੇ ਹਾਂ।

ਸੋ ਆਉ ਗੱਲ ਨੂੰ ਬਹੁਤਾ ਨਾ ਉਛਾਲੀਏ। ਮੁੱਠੀ ਭਰ ਲੋਕਾਂ ਨੇ ਹੀ ਲੇਖ ਪੜ੍ਹਿਆ ਹੋਵੇਗਾ। ਕੋਈ ਗੱਲ ਨਹੀਂ।

ਗੱਲ ਹੈ ਤਾਂ ਖੱਬੀਆਂ ਤਾਕਤਾਂ ਨੂੰ ਲਾਮਬੰਦ ਕਰਨ ਦੀ ਹੈ। ਅਸੀਂ ਲਾਮਬੰਦ ਹੋਈਏ ਤੇ ਹਰ ਸੂਬੇ ਤੇ ਫਿਰਕੇ ਦੇ ਜਾਇਜ਼ ਹੱਕਾਂ ਲਈ ਅਵਾਜ਼ ਉਠਾਈਏ।

ਜੇ ਕਿਧਰੇ ਖੱਬਾ ਮੋਰਚਾ ਅਕਾਲੀਆਂ ਦੀ ਜਾਇਜ਼ ਮੰਗਾਂ ਲਈ ਖੁਲ੍ਹੀ ਮੱਦਤ ਕਰਦਾ ਤਾਂ ਨਾ ਇਹ ਫਿਰਕੂ ਫਸਾਦ ਹੋਣੇ ਸਨ ਤੇ ਨਾ ਹੀ ਫਿਰਕੂ ਜਨੂੰਨ ਇਸ ਪੱਧਰ ਤੱਕ ਪੁੱਜਣਾ ਸੀ।

ਕੀ ਪੰਜਾਬ ਦੀ ਬਿਜਲੀ ਦਿੱਲੀ ਨੂੰ ਤੇ ਪੰਜਾਬ ਨੂੰ ਥਰਮਲ ਪਲਾਂਟ ਦੇਣੇ ਨਜਾਇਜ਼ ਧੱਕਾ ਨਹੀ ਹੈ। ਤੇ ਫੇਰ ਕੀ ਖੱਬੀਆਂ ਤਾਕਤਾਂ ਦਾ ਫਰਜ਼ ਨਹੀਂ ਸੀ ਬਣਦਾ ਕਿ ਉਹ ਇਸ ਧੱਕੇ ਨੂੰ ਦੂਰ ਕਰਵਾਉਣ ਲਈ ਸਰਗਰਮੀ ਨਾਲ ਹਿੱਸਾ ਲੈਂਦੀਆਂ। ਗੱਲ ਨੂੰ ਸਹੀ ਪ੍ਰੀਪੇਖ ਵਿਚ ਰੱਖ ਕੇ ਹੀ ਪਰਖਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਵੀ ਆਪਣੇ ਸੌੜੇ ਸਿਆਸੀ ਹਿੱਤ ਪੂਰਨ ਦੇ ਦੋਸ਼ੀ ਹੋਵਾਂਗੇ।

ਹਿੰਦੂ ਫਿਰਕਾ ਪ੍ਰਸਤੀ ਨੂੰ ਵੀ ਇਸਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਅਸਲ ਵਿਚ ਤਾਂ ਉਹ ਹੀ ਇਸਦੀ ਜ਼ਿੰਮੇਵਾਰ ਹੈ। ਦੇਸ ਵਿਚ ਬਹੁ ਗਿਣਤੀ ਵਿੱਚ ਹੋ ਕੇ ਵੀ ਇਸਨੇ ਫਿਰਕੂ ਭਾਵਨਾਵਾਂ ਨੂੰ ਉਭਾਰਿਆ ਹੈ। ਜਦੋਂ ਕਿ ਇਹ ਗੱਲ ਛੋਟੇ ਛੋਟੇ ਫਿਰਕੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਕਰਦੇ ਹਨ।

ਹਿੰਦੂ ਫਿਰਕਾ-ਪ੍ਰਸਤੀ ਸਰਮਾਏਦਾਰੀ ਦੇ ਹੱਥਾਂ ਵਿਚ ਅੱਜ ਤੱਕ ਚਾਬੀ ਵਾਲਾ ਖਿਡੌਣਾ ਬਣੀ ਆ ਰਹੀ ਹੈ। ਦੇਸ਼ ਨੂੰ ਬਹੁਤਾ ਖਤਰਾ ਇਸੇ ਫਿਰਕਾ ਪ੍ਰਸੱਤੀ ਤੋਂ ਹੈ ਕਿਉਂਕਿ ਇਹ ਬਹੁ ਗਿਣਤੀ ਵਿਚ ਹੈ ਤੇ ਦੇਸ਼-ਵਿਆਪੀ ਹੈ। ਛੋਟੇ ਛੋਟੇ ਫਿਰਕੇ ਤਾਂ ਕਦੇ ਵੀ ਦਬਾਏ ਜਾ ਸਕਦੇ ਹਨ। ਬੱਸ ਨੀਅਤ ਹੋਣੀ ਚਾਹੀਦੀ ਹੈ।

ਤੇ ਮੇਰੇ ਵਿਚਾਰ 'ਚ ਸਭ ਤੋਂ ਵੱਡਾ ਕਸੂਰ ਤਾਂ ਸਾਡੇ ਖੱਬੀ ਪੱਖੀਆਂ ਦਾ ਹੈ। ਦੇਸ਼ ਨਿੱਘਰ ਰਿਹਾ ਹੈ ਤੇ ਉਹ ਨੀਰੋ ਵਾਂਗ ਬੰਸਰੀ (ਇਸ ਮੌਕੇ) ਸਿਧਾਂਤਕ ਬਹਿਸ ਵਿਚ ਰੁੱਝੇ ਹੋਏ ਹਨ।

ਜਦੋਂ ਉਹ ਜਾਇਜ਼ ਮਸਲੇ ਨਹੀਂ ਉਠਾਉਂਦੇ ਤਾਂ ਮੌਕਾ ਪ੍ਰਸਤ ਇਹ ਦਾਅ ਆਪਣੇ ਸਿਆਸੀ ਤੇ ਆਰਥਿਕ ਹਿੱਤ ਪੂਰਨ ਲਈ ਮਾਰ ਜਾਂਦੇ ਹਨ। ਤੇ ਵਿਚਾਰੇ ਖੱਬੇ ਪੱਖੀ ਲੰਘ ਗਏ ਸੱਪ ਦੀ ਲਕੀਰ ਕੁੱਟਕੇ ਹੀ ਸੰਤੁਸ਼ਟ ਹੋਣ ਦੀ ਕੋਸ਼ਿਸ਼ ਕਰਦੇ ਹਨ।

ਭਾਰਦਵਾਜ ਦਾ ਅਸਤੀਫਾ ਤੇ ਉਸਦਾ ਆਖਰੀ ਲੇਖ ਕੋਈ ਬਹੁਤ ਵੱਡੀ ਘਟਨਾ ਨਹੀਂ ਕਿ ਦੇਸ਼ ਵਿਚ ਉਸ ਨਾਲ ਉੱਥਲ-ਪੁੱਥਲ ਹੋ ਜਾਵੇਗੀ।

ਜਗਰੂਪ ਸਿੰਘ ਰੂਪ
ਸ. ਅ. ਸ ਨਗਰ

## ਧਰਮ ਤੇ ਮਾਰਕਸਵਾਦ

**ਜਸਵੰਤ ਖਾਲੜਾ**

"ਧਰਮ ਲੋਕਾਂ ਦੀ ਅਫੀਮ ਹੈ-ਮਾਰਕਸ ਦੀ ਇਹ ਅਖੌਤ ਧਰਮ ਸੰਬੰਧੀ ਸਮੁਚੇ ਮਾਰਕਸਵਾਦੀ ਨਜ਼ਰੀਏ ਦਾ ਨੀਂਹ ਪੱਥਰ ਹੈ। ਮਾਰਕਸਵਾਦ ਨੇ ਹਮੇਸ਼ਾਂ ਹੀ ਸਭਨਾਂ ਧਰਮਾਂ, ਸਿਰਜਿਆਂ ਤੇ ਸਭਨਾਂ ਅਤੇ ਹਰ ਕਿਸਮ ਦੀਆਂ ਧਾਰਮਿਕ ਜਥੇਬੰਦੀਆਂ ਨੂੰ ਬੁਰਜੂਆ ਪਿਛਾਖੜ ਦੇ ਔਜ਼ਾਰ ਸਮਝਿਆ ਹੈ, ਜੁ ਲੋਕਾਂ ਦੀ ਲੁਟ-ਖਸੁਟ ਦੀ ਰਾਖੀ ਕਰਨ ਤੇ ਮਜ਼ਦੂਰ ਜਮਾਤ ਨੂੰ ਮਦਹੋਸ਼ੀ ਦੀ ਦਵਾਈ ਪਿਆਉਣ ਦੇ ਕੰਮ ਆਉਂਦੇ ਹਨ।"—ਕਾਮਰੇਡ ਲੈਨਿਨ।

ਇਰਾਨ ਵਿਚ ਖੁਮੀਨੀ ਵਲੋਂ ਸੱਤਾ ਤੇ ਕਾਬਜ਼ ਹੋਣ ਤੋਂ ਬਆਦ ਸੰਸਾਰ ਪੱਧਰ ਤੇ ਸੱਜ ਪਿਛਾਖੜੀ ਤਾਕਤਾਂ ਨੂੰ ਲੋਕ-ਪਖੀ ਲਹਿਰਾਂ ਕੁਚਲਣ ਲਈ ਧਾਰਮਕ-ਜਨੂੰਨ ਦੀ ਕਾਰਗਰ ਅਹਿਮੀਅਤ ਦਾ ਮੁੜ ਅਹਿਸਾਸ ਹੋਇਆ ਹੈ ਤੇ ਅੱਜ ਹਰ ਸੰਕਟ-ਗ੍ਰਸੇ ਮੁਲਕ ਅੰਦਰ 'ਧਰਮ ਖਤਰੇ 'ਚ ਹੈ' ਦੀ ਬੂ-ਦੁਹਾਈ ਪਾਈ ਜਾ ਰਹੀ ਹੈ। ਪਛੜੇ ਤੇ ਗਰੀਬ ਮੁਲਕਾਂ ਦੀ ਕਤਾਰ ਵਿਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲਾ ਸਾਡਾ ਪਿਆਰਾ ਭਾਰਤ ਇਸ ਮਹਾਂਮਾਰੀ ਦਾ ਸੁਭਾਵਕ ਹੀ ਵਧੇਰੇ ਸ਼ਿਕਾਰ ਹੋਣ ਜਾ ਰਿਹਾ ਹੈ। ਚਾਹੇ ਵੱਖ ਲੁਟੇਰੀਆਂ ਧਿਰਾਂ ਵਲੋਂ ਪਹਿਲਾਂ ਤੋਂ ਹੀ ਸਾਡੇ ਮੁਲਕ ਅੰਦਰ ਧਾਰਮਕ ਜਨੂੰਨ ਭੜਕਾ ਕੇ ਭਰਾ ਮਾਰ ਲੜਾਈਆਂ ਕਰਾਈਆਂ ਜਾਂਦੀਆਂ ਰਹੀਆਂ ਹਨ ਅਤੇ 1947 ਦੀ ਦੇਸ਼ ਵੰਡ ਦਾ ਘਲੂਘਾਰਾ ਸੰਸਾਰ ਅੰਦਰ ਧਰਮ ਦੇ ਕਾਲੇ ਕਾਰਨਾਮਿਆਂ ਵਿਚ ਪਹਿਲਾ ਸਥਾਨ ਰੱਖਦਾ ਹੈ ਪਰ ਅੱਜ ਫਿਰ ਬੜੀ ਹੀ ਸੂਖਮਤਾਈ ਨਾਲ ਇਹ ਕਾਲੀਆਂ ਤਾਕਤਾ ਫਿਰ ਤੋਂ ਸਿਰ ਚੁੱਕ ਰਹੀਆਂ ਹਨ। ਅਸਾਮੀ ਅਤੇ ਉਤਰ-ਪੂਰਬੀ ਭਾਰਤ ਦੇ ਹੋਰ ਹਿਸਿਆਂ ਦੇ ਲੋਕਾਂ ਅੰਦਰ ਲੁਟੇਰੇ ਹਾਕਮਾਂ ਪ੍ਰਤੀ ਪੈਦਾ ਹੋਈ ਨਫਰਤ ਨੂੰ ਵਰਤਨ ਲਈ ਉਥੋਂ ਇਸਾਈ ਮਿਸ਼ਨਰੀ ਤੇ ਆਰ. ਐਸ.

ਐਸ਼. ਪੂਰਾ ਜ਼ੋਰ ਲੱਗਾ ਰਹੇ ਹਨ। ਦੱਖਣ ਦੇ ਸੂਬਿਆਂ ਵਿਚ ਭੁੱਖ ਨੰਗ ਦੇ ਸ਼ਿਕਾਰ ਖੇਤ-ਮਜ਼ਦੂਰਾਂ ਨੂੰ ਏਹੋ ਕਿਹਾ ਜਾ ਰਿਹਾ ਹੈ ਕਿ ਸਾਰੀ ਬਿਮਾਰੀ ਦੀ ਜੜ-ਮਨੂੰ-ਸਿਮਰਤੀ ਹੀ ਹੈ ਜਿਸਨੇ ਵਰਣ ਬਣਾਏ ਤੇ ਤੁਹਾਨੂੰ ਜਨਮ ਤੋਂ ਹੀ ਸੂਦਰ ਕਰਾਰ ਦੇ ਦਿਤਾ-ਤੇ ਹੁਣ ਜੇਕਰ ਤੁਸੀਂ ਇਸਲਾਮ ਧਾਰਨ ਕਰ ਲਓ ਤਾਂ ਸਭ ਦੁਖ-ਦਲਿਦਰ ਦੂਰ ਹੋ ਜਾਣਗੇ। ਪਾਰਲੀਮੈਂਟ ਦੇ ਹਰ ਸੈਸ਼ਨ ਵਿਚ ਹਿੰਦੂ ਮੈਂਬਰ ਇਹ ਬਿਲ ਪੇਸ਼ ਕਰਦੇ ਹਨ ਕਿ ਧਰਮ-ਤਬਦੀਲੀ ਤੇ ਪਾਬੰਦੀ ਲਾਈ ਜਾਵੇ ਉਹ ਦੋਸ਼ ਲਾਉਂਦੇ ਹਨ ਕਿ ਮੱਧ ਪੂਰਬ ਦੇ ਦੇਸ਼ਾਂ ਵਿਚੋਂ ਅਥਾਹ ਧਨ ਸਾਡੇ ਦੇਸ਼ ਵਿਚ ਇਸਲਾਮ ਦੇ ਪ੍ਰਚਾਰ ਲਈ ਭੇਜਿਆ ਜਾ ਰਿਹਾ ਹੈ।

ਇਸ ਸਭ ਕਾਸੇ ਦੇ ਦਰਮਿਆਨ ਮਹਾਤਮਾਂ ਗਾਂਧੀ ਦੇ 'ਰਾਮ-ਰਾਜ' ਵਿਚ ਪ੍ਰਧਾਨ ਮੰਤਰੀ ਹਵਨ ਯੱਗ ਕਰਾਉਂਦੀ ਹੈ। ਪਾਂਧਿਆਂ ਤੋਂ ਪੱਤਰੀ ਖੁਲਵਾਉਂਦੀ ਹੈ ਤੇ ਪੰਡਤਾਂ ਵਲੋਂ ਸ਼ੁਭ ਸ਼ਗਨ ਕਰਦੀ ਹੈ ਆਂਧਰਾ ਪ੍ਰਦੇਸ਼ ਵਿਚ ਰਾਮਾਂ ਰਾਓ ਮਥੇ ਤੇ ਤਿਲਕ ਲਾ ਕੇ ਮੁਖ ਮੰਤਰੀ ਦੀ ਗੱਦੀ ਤੇ ਬਿਰਾਜਦਾ ਹੈ ਤੇ ਫਰੂਖ ਅਬਦੁਲਾ ਸ੍ਰੀ ਨਗਰ ਜਾਮਾ ਮਸਜਦ ਵਿਚੋਂ ਹਰ ਅਹਿਮ ਸਿਆਸੀ ਪ੍ਰੋਗਰਾਮ ਦਾ ਐਲਾਨ ਕਰਦਾ ਹੈ। ਇਹ ਸਬਕ ਸਿਖਦਿਆਂ ਸਿਖਾਂ ਨੂੰ ਵੀ ਜੋਸ਼ ਆਉਂਦਾ ਹੈ ਤੇ ਉਹ ਅਕਾਲ ਤਖਤ ਤੋਂ ਹੁਕਮ ਨਾਮਾਂ ਜਾਰੀ ਕਰਦਿਆਂ ਮੁਖ ਮੰਤਰੀਆਂ ਨੂੰ ਵੀ ਰਿਵਾ ਦੇਂਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਨ੍ਹਾਂ ਦੇ ਅਕਾਲ ਤਖਤ ਤੋਂ ਉਪਰ ਕੋਈ ਸਰਕਾਰ ਨਹੀਂ ਹੈ। ਇਹ ਸਭ ਕੁਝ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ ਤੇ ਵਧਾਉਣ ਵਾਲਿਆਂ ਦੀ ਇਹ ਆਪਣੀ ਲੋੜ ਵੀ ਹੈ। ਧਾਰਮਕ ਜਨੂੰਨੀਆਂ ਵਲੋਂ ਸ਼ੁਰੂ ਕੀਤੀਆਂ ਇਹ ਭਰਾ ਮਾਰ ਲੜਾਈਆਂ ਇਕ ਦੂਜੇ ਨੂੰ ਵਢਣ ਨਾਲੋਂ ਜ਼ਿਆਦਾ ਤਰ ਨਾਸਤਕਾਂ ਦਾ ਸਫਾਇਆ ਕਰਨ ਵੱਲ ਵਧਣਗੀਆਂ ਤੇ ਹਰ ਪਦਾਰਥਵਾਦੀ ਸੋਚ ਵਾਲਾ ਆਦਮੀ ਆਪਣੇ ਆਪ ਹੀ ਨਾਸਤਕ ਹੈ। ਇਨ੍ਹਾਂ ਹਾਲਤਾਂ ਵਿਚ ਸਾਡੇ ਸਾਹਮਣੇ ਇਹ ਸੁਆਲ ਖੜਾ ਹੁੰਦਾ ਹੈ ਕਿ ਹੁਣ ਸਾਨੂੰ ਕੀ ਕਰਨਾਂ ਚਾਹੀਦਾ ਹੈ ?

ਮਾਰਕਸਵਾਦੀਆਂ ਦੇ ਭਾਰਤ ਅੰਦਰ ਪਿਛਲੇ ਅੱਧੀ ਸਦੀ ਤੋ ਵੱਧ ਦੇ ਤਜਰਬੇ ਤੋਂ ਜੇਕਰ ਅਸੀਂ ਸਿਖਣ ਦੀ ਕੋਸ਼ਿਸ਼ ਕਰੀਏ ਤਾਂ ਸਾਨੂੰ ਕੁਝ ਵੀ ਨਹੀਂ ਮਿਲਦਾ ਲਿਖਣ ਨੂੰ, ਕਿਉਂਕਿ ਏਥੇ ਕਦੇ ਵੀ ਧਰਮ ਸਬੰਧੀ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾਇਆ ਹੀ ਨਹੀਂ ਗਿਆ। ਸੰਤਾਲੀ ਤੋਂ ਪਹਿਲਾਂ, ਜਦ ਅੱਜ ਵਰਗੀਆਂ ਹੀ ਜਨੂੰਨੀ ਲਹਿਰਾਂ ਸਿਰ ਚੁਕ ਰਹੀਆਂ ਸਨ ਤੇ ਮੁਸਲਿਮ ਲੀਗ ਧਰਮ ਦੇ ਅਧਾਰ ਤੇ ਦੇਸ਼ ਦੀ ਵੰਡ ਦੀ ਮੰਗ ਕਰ ਰਹੀ ਸੀ ਅਤੇ ਬਾਪੂ ਗਾਂਧੀ 'ਰਾਮ-ਰਾਜ' ਦੀ ਗੱਲ ਕਰ ਰਿਹਾ ਸੀ ਤਾਂ ਭਾਰਤੀ ਕਮਿਉਨਿਸਟ ਪਾਰਟੀ ਇਨ੍ਹਾਂ ਦੋਹਾਂ ਫਿਰਕੂ ਪਖਾਂ ਦੀ ਹਮਾਇਤ ਕਰ ਰਹੀ ਸੀ ਅਤੇ ਲੋਕ-ਜੰਗ ਦੀ ਆਪਣੀ ਲਾਈਨ ਲਾਗੂ ਕਰਦਿਆਂ ਇਹ ਕਾਂਗਰਸ, ਮੁਸਲਿਮ ਲੀਗ ਅਤੇ ਬਰਤਾਨਵੀ ਸਰਕਾਰ ਵਿਚ ਸਾਂਝ ਭਿਆਲੀ ਲਈ ਵਿਚੋਲਗਿਰੀ ਕਰ ਰਹੀ ਸੀ। ਪਾਰਟੀ ਅੰਦਰਲੀਆਂ ਬਹਿਸਾਂ ਵਿਚ ਲੀਡਰਸ਼ਿਪ ਦੇ ਡਾਕੂਮੈਂਟ ਕਹਿ ਰਹੇ ਸੀ ਕਿ "ਮੁਸਲਮ ਲੀਗ ਹੋਰ ਕੁਝ ਨਹੀਂ ਤਾਂ ਮੁਸਲਮਾਨਾਂ ਦੀ ਅਜ਼ਾਦੀ ਲਈ ਤਾਂ ਸੰਘਰਸ਼ ਕਰ ਹੀ ਰਹੀ ਹੈ।" ਸੋ ਜੇਕਰ ਪੁਰਾਣੇ ਤਜਰਬੇ ਤੋਂ ਸਿਖਣਾ ਹੈ ਤਾਂ ਕਹਿਣਾ ਪਵੇਗਾ ਕਿ 'ਅਕਾਲੀ ਦਲ ਸਾਰਿਆਂ ਲਈ ਨਹੀਂ ਤਾਂ ਸਿੱਖਾਂ ਲਈ ਤਾਂ ਮੁਕਤੀ ਚਾਹੁੰਦਾ ਹੀ ਹੈ।' ਸੰਤਾਲੀ ਵਿਚ ਆਪਣੀਆਂ ਅੱਖਾਂ ਸਾਹਮਣੇ ਲੱਖਾਂ ਬੇਗੁਨਾਹਾਂ ਦੇ ਕਤਲ ਅਤੇ ਕਰੋੜਾਂ ਲੋਕਾਂ ਦੇ ਉਜਾੜੇ ਨੇ ਵੀ ਮਾਰਕਸਵਾਦੀਆਂ ਨੂੰ ਧਰਮ ਸਬੰਧੀ ਆਪਣੇ ਕਾਰਜ ਮਿਥਣ ਲਈ ਨਹੀਂ ਪ੍ਰੇਰਿਆ। ਸਗੋਂ ਉਨ੍ਹਾਂ ਇਸ ਵਿਰੁੱਧ ਲੜਨ ਦੀ ਥਾਂ ਇਸ ਦੀ ਓਟ ਲੈਣੀ ਸ਼ੁਰੂ ਕਰ ਦਿਤੀ। ਪੰਜਾਬ ਅੰਦਰ ਗੁਰਦੁਆਰਿਆਂ ਦੇ ਪ੍ਰਬੰਧ ਲਈ ਲਾਇਆ ਗਿਆ ਸਾਧ ਸੰਗਤ ਬੋਰਡ ਮਾਰਕਸਵਾਦ ਦਾ ਖੁਲ੍ਹਾ ਮੌਜੂ ਸੀ ਜਿਨਾਂ ਕੁ ਇਹ ਉਡਾ ਸਕਦੇ ਸਨ। ਉਸਤੋਂ ਬਾਅਦ ਪਾਰਲੀਮਾਨੀ ਗੰਦ ਵਿੱਚ ਵੱਧ ਹਿੱਸਾ ਪ੍ਰਾਪਤ ਕਰਨ ਖਾਤਰ ਮੁਸਲਿਮ ਲੀਗ, ਜਨਸੰਘ ਅਤੇ ਅਕਾਲੀ ਦਲ ਨਾਲ ਸਾਂਝੇ ਮੋਰਚੇ ਬਣਦੇ ਰਹੇ ਅਤੇ ਖਾਲਸਾ ਪੰਥ ਦਾ ਝੰਡਾ ਕਾਮਰੇਡ ਆਪਣੀਆਂ ਜੀਪਾਂ ਤੇ ਬੰਨ ਕੇ ਵੋਟਾਂ ਮੰਗਦੇ ਰਹੇ ਤੇ ਅਜ ਉਹੋ ਅਕਾਲੀ ਦਲ ਖਾਲਸੇ ਦੇ ਬੋਲ-ਬਾਲੇ ਵਾਸਤੇ ਧਰਮ ਯੁਧ ਲੜ ਰਿਹਾ ਹੈ ਤਾਂ ਅਖੌਤੀ ਮਾਰਕਸਵਾਦੀ ਆਪਣੀ ਪਿਛਲੀਆਂ ਕਾਰਗੁਜ਼ਾਰੀਆਂ ਤੇ ਆਪਾ ਪੜਚੋਲ ਕਰਨ ਦੀ ਥਾਂ ਅਕਾਲੀਆਂ ਦੀਆਂ ਧਾਰਮਕ ਮੰਗਾਂ ਦੀ ਹਮਾਇਤ ਕਰ ਰਹੇ ਹਨ ਤੇ ਸੀ. ਪੀ. ਆਈ. ਸੀ. ਪੀ. ਐਮ ਸਰਕਾਰ ਤੋਂ ਲਗਾਤਾਰ ਇਹ ਧਾਰਮਕ ਮੰਗਾਂ ਮਨਵਾਉਣ ਲਈ ਹਾੜੇ ਕਢ ਰਹੀਆਂ ਹਨ। ਸਿਖ ਇਕ ਵੱਖਰੀ ਕੌਮ ਕਹਿਣ ਵਾਲੇ ਅਕਾਲੀਦਲ ਅਤੇ ਫਿਰਕੂ ਲੜਾਈ ਨੂੰ ਹਵਾ ਦੇਣ ਵਾਲੀ ਬੀਬੀ ਇੰਦਰਾ ਗਾਂਧੀ ਵਿਚਕਾਰ ਹਰਕਿਸ਼ਨ ਸੁਰਜੀਤ ਰਾਜੀਨਾਵਾਂ ਕਰਵਾ ਰਿਹਾ ਹੈ ਕੈਸਾ ਮਾਰਕਸਵਾਦ ਹੈ। ਚੌਧਰੀ ਚਰਨ ਸਿੰਘ ਵਰਗੇ ਮੌਕਾਪ੍ਰਸਤ ਤਾਂ ਅਕਾਲੀਦਲ ਨੂੰ ਫਿਰਕੂ ਪਾਰਟੀ ਕਹਿ ਰਹੇ ਹਨ, ਪਰ ਇਹ ਅਖੌਤੀ ਕਾਮਰੇਡ ਅਕਾਲੀ ਦਲ ਦੇ ਸੋਹਲੇ ਗਾਉਂਦੇ ਨਹੀਂ ਥਕ ਰਹੇ।

ਹੁਣ ਏਨਾਂ ਦੋਹਾਂ ਗਰੁਪਾਂ ਦੀ ਗੱਲ ਛੱਡ ਕੇ ਦੇਖੀਏ ਕਿ ਅੱਜ ਇਕ ਪਦਾਰਥਵਾਦੀ ਸੋਚਣੀ ਰਖਣ ਵਾਲੇ ਆਦਮੀ ਨੂੰ ਕੀ ਕਰਨਾ ਚਾਹੀਦਾ ਹੈ ? ਕੀ ਉਸਨੂੰ ਧਰਮ ਵਿਰੁਧ ਜੰਗ ਦਾ ਐਲਾਨ ਕਰਨਾ ਚਾਹੀਦਾ ਹੈ। 1874

ਵਿਚ ਬਲਾਕੀਵਾਦੀਆਂ ਨੇ ਲੰਡਨ ਤੋਂ ਜਾਰੀ ਆਪਣੇ ਮੈਨੀਫੈਸਟੋ ਵਿਚ ਇਹ ਉਭਾਰੀ ਸੀ ਪਰ ਏਂਗਲਜ਼ ਨੇ ਉਨਾਂ ਦੇ ਇਸ ਸਟੈਂਡ ਦਾ ਇੰਝ ਵਿਰੋਧ ਕੀਤਾ ਸੀ, "ਜੰਗ ਦਾ ਅਜਿਹਾ ਐਲਾਨ ਧਰਮ ਵਿਚ ਦਿਲਚਸਪੀ ਮੁੜ-ਉਭਾਰਨ ਤੇ ਉਸਨੂੰ ਸਚੀ-ਮੁੱਚੀਂ ਖਤਮ, ਹੋਣ ਤੋਂ ਰੋਕਣ ਦਾ ਸਭ ਤੋਂ ਚੰਗਾ ਢੰਗ ਹੈ" ਉਹ ਅਗੇ ਜਾ ਕੇ ਹੋਰ ਕਹਿੰਦਾ ਹੈ, "ਮਜ਼ਦੂਰ ਜਮਾਤ ਦੇ ਸਮੂੰਹਾਂ ਦਾ ਜਮਾਤੀ ਘੋਲ ਹੀ ਉਸਦੀ ਵੱਡੀ ਗਿਣਤੀ ਨੂੰ ਸਰਬੰਗੀ ਢੰਗ ਨਾਲ ਸੁਚੇਤ ਕਰ ਸਕਦਾ ਹੈ ਤੇ ਇਸ ਇਨਕਲਾਬੀ ਅਮਲ ਖਿਚ ਹੀ, ਲਤਾੜੇ ਆਮ ਲੋਕਾਂ ਨੂੰ ਧਰਮ ਦੇ ਜੂਲੇ ਤੋਂ ਅਜ਼ਾਦ ਕਰਾ ਸਕਦੀ ਹੈ, ਜਦੋਂ ਕਿ ਧਰਮ ਵਿਰੁਧ ਜੰਗ, ਮਜ਼ਦੂਰਾਂ ਦੀ ਪਾਰਟੀ ਦਾ ਰਾਜਸੀ ਕਰਤਵ ਹੋਣ ਦਾ ਐਲਾਨ ਕਰਨਾ ਨਿਰੀ ਅਰਾਜਕਤਾਵਾਦੀ ਫਿਕਰੇਬਾਜੀ ਹੈ। ਸੋ ਧਰਮ ਵਿਰੁਧ ਜ਼ਬਾਨੀ-ਕਲਾਮੀ ਐਲਾਨ ਮਾਰਕਸਵਾਦ ਮੁਤਾਬਕ ਸਹੀ ਸਿੱਟੇ ਨਹੀਂ ਕਢ ਸਕਦੇ। ਇਸ ਦੇ ਉਲਟ ਸਾਡੇ ਵਿਚੋਂ ਕਈ ਇਹ ਦਲੀਲ ਦੇ ਦੇ ਹਨ ਕਿ ਧਰਮ ਲੋਕਾਂ ਵਿਚ ਏਨਾਂ ਘਰ ਕਰੀ ਬੈਠਾ ਹੈ ਕਿ ਇਸ ਵਿਰੁਧ ਬੋਲਣਾ ਹੀ ਨਹੀਂ ਚਾਹੀਦਾ ਤੇ ਇਸ ਵਿਰੁਧ ਲੜਾਈ ਸਾਨੂੰ ਘਾਟੇਵੰਦੀ ਰਹੇਗੀ। ਇਸ ਪੱਖ ਦੇ ਲੋਕਾਂ ਬਾਰੇ ਲੈਨਿਨ ਕਹਿੰਦਾ ਹੈ, ਨਿਕ-ਬੁਰਜੂਆਂ ਜਾਂ ਉਦਾਰਚਿਤ ਬੁਧੀਮਾਨ **ਜੁ ਧਰਮ ਵਿਰੁਧ ਲੜਨ ਤੋਂ ਡਰਦਾ ਹੈ ਭੁਲ ਜਾਂਦਾ ਹੈ ਕਿ ਇਹ ਲੜਾਈ ਉਸਦਾ ਫਰਜ਼ ਹੈ** ਉਹ ਆਪਣੇ ਆਪ ਨੂੰ ਰਬ ਵਿਚ ਵਿਸ਼ਵਾਸ਼ ਕਰਨ ਉਤੇ ਰਾਜ਼ੀ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਉਹੀ ਸ਼ਰੇਣੀ ਘੋਲਾਂ ਦੇ ਹਿਤਾਂ ਤੋਂ ਨਹੀਂ ਸਗੋਂ ਇਸ ਨਿਗੂਣੇ ਤੇ ਨੀਚ ਖਿਆਲ ਤੋਂ ਰਹਿਨੁਮਾਈ ਲੈਂਦਾ ਹੈ ਕਿ—ਕਿਸੇ ਨੂੰ ਗੁਸੇ ਨਾ ਕੀਤਾ ਜਾਏ —ਕਿਸੇ ਵਿਚ ਕਰਹਿਤ ਨਾਂ ਲਿਆਂਦੀ ਜਾਵੇ—ਕਿਸੇ ਨੂੰ ਤਰਾਹਿਆ ਨਾ ਜਾਵੇ—ਇਸ ਰਿਖੀਆਂ ਵਰਗੇ ਨਿਯਮ—ਜਿਉ ਤੇ ਜੀਊਣ ਦਿਓ—ਤੋਂ।

ਕਈ ਲੋਕ ਇਸ ਤੋਂ ਇਹ ਕਹਿ ਕੇ ਖਹਿੜਾ ਛਡਾਉਂਦੇ ਹਨ ਕਿ ਧਰਮ ਇਕ ਨਿਜੀ ਮਾਮਲਾਂ ਹੈ ਤੇ ਸਾਨੂੰ ਇਸ ਵਿਚ ਦਖਲ ਨਹੀਂ ਦੇਣਾ ਚਾਹੀਦਾ ਕਿਸੇ ਦੀ ਮਰਜ਼ੀ ਕੋਈ ਧਰਮ ਮੰਨੇ ਜਾਂ ਪ੍ਰਚਾਰੇ ਤੇ ਕਿਸੇ ਦੀ ਮਰਜ਼ੀ ਨਾ ਮੰਨੇ। ਪਰ ਇਹ ਧਾਰਨਾ ਵੀ ਮਾਰਕਸਵਾਦ ਨਾਲ ਮੇਲ ਨਹੀਂ ਖਾਂਦੀ । ਏਂਗਲਜ ਇਸ ਬਾਰੇ ਸਪਸ਼ਟ ਕਰਦਿਆਂ ਕਹਿੰਦਾ ਹੈ, "ਸੋਸ਼ਲ ਡੈਮੋਕਰੈਟ ਧਰਮ ਨੂੰ ਰਿਆਸਤ ਦੇ ਸਬੰਧ ਵਿਚ ਤਾਂ ਇਕ ਨਿਜੀ ਮਾਮਲਾ ਸਮਝਦੇ ਹਨ **ਪਰ ਆਪਣੇ ਸੰਬੰਧ ਵਿਚ ਨਹੀਂ—ਮਾਰਕਸਵਾਦ ਦੇ ਸੰਬੰਧ ਵਿਚ ਨਹੀਂ ਤੇ ਮਜ਼ਦੂਰਾਂ ਦੀ ਪਾਰਟੀ ਦੇ ਸੰਬੰਧ ਵਿਚ ਨਹੀਂ।"**

ਤੇ ਇਸ਼ ਮਸਲੇ ਬਾਰੇ ਕਾਮਰੇਡ ਲੈਨਿਨ ਕਹਿੰਦਾ ਹੈ, "ਮਜ਼ਦੂਰਾਂ ਦੀ ਪਾਰਟੀ ਮੰਗ ਕਰਦੀ ਹੈ ਕਿ ਰਿਆਸਤ ਧਰਮ ਦੇ ਨਿਜੀ ਮਾਮਲਾ ਹੋਣ ਦਾ ਐਲਾਨ ਕਰੇ ਪਰ **ਇਹ ਲੋਕਾਂ ਦੀ ਅਫੀਮ ਵਿਰੁਧ ਸੰਗਰਾਮ ਨੂੰ ਧਾਰਮਕ ਵਹਿਮਾਂ ਵਿਰੁਧ ਸੰਗਰਾਮ ਨੂੰ ਨਿਜੀ ਮਾਮਲਾ ਨਹੀਂ ਸਮਝਦੀ।"** ਹੁਣ ਅਸੀਂ ਇਸ ਸਿਟੇ ਤੇ ਤਾਂ ਪਹੁੰਚ ਗਏ ਕਿ ਮਾਰਕਸਵਾਦ – ਲੈਨਿਨਵਾਦ ਸਾਨੂੰ ਲੋਕਾਂ ਦੀ ਅਫੀਮ ਵਿਰੁਧ ਸੰਗਰਾਮ ਕਰਨ ਲਈ ਕਹਿੰਦਾ ਹੈ ਪਰ ਇਹ ਕੀਤਾ ਕਿਵੇਂ ਜਾਵੇ ? ਪੰਜਾਬ ਅੰਦਰ ਕੁਝ ਲੋਕ ਫਿਰਕੂ ਜਨੂੰਨੀਅਤ ਵਿਰੁਧ ਪ੍ਰਚਾਰ ਕਰ ਰਹੇ ਹਨ ਉਹ ਹਿੰਦੂ ਭਰਾਵਾਂ' ਤੇ 'ਸਿਖ ਭਰਾਵਾਂ' ਨੂੰ ਜਨੂੰਨੀਆਂ ਤੋਂ ਬਚਣ ਲਈ ਸੁਚੇਤ ਕਰ ਰਹੇ ਹਨ ਅਤੇ ਏਥੋਂ ਤੱਕ ਕੇ ਧਾਰਮਕ ਗੁਰੂਆਂ ਦੀ ਵੱਡੀਆਂ ਫੋਟੋ ਛਾਪ ਕੇ ਪਰਚੇ ਕੱਢ ਰਹੇ ਹਨ ਤੇ ਅਪੀਲਾ ਕਰ ਰਹੇ ਹਨ ਕਿ 'ਖਾਲਸਾ ਜੀ ਗੁਰੂਆਂ ਦੀਆਂ ਅਸਲ ਲੀਹਾ ਤੇ ਚਲੋ।' ਇਸ ਤਰੀਕੇ ਨਾਲ ਉਹ ਧਰਮ ਦਾ ਵਿਰੋਧ ਕਰਨ ਦੇ ਨਾਂ ਹੇਠ ਧਰਮ ਦਾ ਜ਼ੋਰਦਾਰ ਪ੍ਰਚਾਰ ਕਰ ਰਹੇ ਹਨ। ਜਦ ਉਹ ਕਹਿੰਦੇ ਹਨ ਕਿ ਗੁਰੂਆਂ ਨੇ ਸਭ ਤੋਂ ਪਹਿਲਾਂ ਸਮਾਜ ਵਾਦ ਦਾ ਪ੍ਰਚਾਰ ਕੀਤਾ ਅਤੇ ਮਾਰਕਸ ਵੀ ਰਿਸ਼ੀ ਸੀ ਅਤੇ ਸਮਾਜਵਾਦ ਸਾਡਾ ਸਾਰਿਆਂ ਦਾ ਧਰਮ ਹੈ ਤਾਂ ਲੈਨਿਨ ਇਸ ਤਰੀਕੇ ਦੀ ਚੰਗੀ ਖਬਰ ਲੈਂਦਾ ਹੈ। ਉਹ ਲਿਖਦਾ ਹੈ ਕਿ, "ਮਾਰਕਸਵਾਦ ਤੋਂ ਕੁਰਾਹਾ ਏਥੇ ਮੰਨਿਆ ਪ੍ਰਮੰਨਿਆ ਹੈ, ਪਰ ਇਸ ਕੁਰਾਹੇ ਦੀ ਮਹੱਤਤਾ, ਗੱਲ ਕੀ ਇਸਦੀ ਸੰਬਧਕੀ ਅਹਿਮੀਅਤ ਵੱਖ ਵੱਖ ਹਾਲਾਤ ਨਾਲ ਵੱਖ ਵੱਖ ਹੋ ਸਕਦੀ ਹੈ। ਮਜ਼ਦੂਰਾਂ ਨੂੰ ਸੰਬੰਧਤ ਕਰਦਿਆਂ ਕਿਸੇ ਪ੍ਰਚਾਰਕ ਜਾਂ ਸ਼ਖਸ ਲਈ ਆਪਣੇ ਆਪ ਨੂੰ ਚੰਗੇਰੀ ਤਰ੍ਹਾਂ ਸਮਝਨ ਲਈ, ਆਪਣੇ ਵਿਸ਼ੇ ਦੀ ਜਾਨ ਪਹਿਚਾਨ ਦੇ ਤੌਰ ਤੇ ਆਪਣੇ ਵਿਚਾਰਾਂ ਨੂੰ ਉਨ੍ਹਾਂ ਲਫਜ਼ਾਂ ਵਿੱਚ ਜਿਨਾਂ ਵਿਚ ਸਮਝਨਾਂ ਪਛੜੇ ਲੋਕ ਆਮ ਗਿਝੇ ਹੋਏ ਹਨ, ਵਧੇਰੇ ਪ੍ਰਗਟਾਉ ਢੰਗ ਵਿਚ ਪੇਸ਼ ਕਰਨ ਲਈ ਇਸ ਤਰਾਂ ਬੋਲਣਾ ਇਸ ਗੱਲ ਹੈ ਤੇ ਜਦੋਂ ਕੋਈ ਲਿਖਾਰੀ ਰੱਬ-ਉਸਾਰੀ ਜਾ ਰੱਬ-ਉਸਾਰੂ ਸਮਾਜਵਾਦ ਪ੍ਰਚਾਰਨ ਲੱਗਦਾ ਹੈ ਤਾਂ ਇਹ ਹੋਰ ਗੱਲ ਹੈ। ਕੁਝ ਲਈ 'ਸਮਾਜਵਾਦ ਧਰਮ ਹੈ' ਦਾ ਬਿਆਨ, ਧਰਮ ਤੋਂ ਸਮਾਜਵਾਦ ਵੱਲ ਤਬਦੀਲੀ ਦੀ ਸ਼ਕਲ ਹੈ ਤੇ ਦੂਜੀਆ ਲਈ ਇਹ ਸਮਾਜਵਾਦ ਤੋਂ ਧਰਮ ਵੱਲ ਤਬਦੀਲੀ ਦੀ ਸ਼ਕਲ ਹੈ। ਪਹਿਲਿਆ ਨੂੰ ਛੱਡਦਿਆਂ ਹੋਇਆ' ਦੂਜੀ ਤਰ੍ਹਾਂ ਦੇ ਲੋਕਾਂ ਦੀ ਸਖਤ ਨਿੰਦਾਂ ਕਰਨੀ ਚਾਹੀਦੀ ਹੈ।" ਸੋ ਲੈਨਿਨ ਦੀ ਇਹ ਨਸੀਹਤ ਸਾਨੂੰ ਸਿਖਾਉਂਦੀ ਹੈ ਕਿ ਜੇਕਰ ਅਸੀਂ ਪੜ੍ਹੇ ਲਿਖੇ ਚੇਤਨ ਲੋਕ ਜਮਹੂਰੀ

ਚੇਤਨਾਂ ਵਾਲੇ ਲੋਕਾਂ ਤੱਕ ਆਪਣੇ ਰਿਸਾਲੇ ਭੇਜ ਰਹੇ ਹਾਂ ਜਿਨ੍ਹਾਂ ਵਿਚ ਖਾਲਸੇ ਦੇ ਸਿਫਤਾਂ ਕੀਤੀਆਂ ਗਈਆਂ ਹਨ ਤਾਂ ਇਹ ਕਿੱਡੀ ਨਿੰਦਣ ਯੋਗ ਕਾਰਵਾਈ ਹੈ। ਪਦਾਰਥਵਾਦ ਨੂੰ ਸਭ ਤੋਂ ਪਹਿਲਾਂ ਪ੍ਰਚਾਰਨ ਵਾਲੇ ਵਿਦਵਾਨ ਬਿਊਰਬਾਖ ਨੇ ਵੀ ਜਦ ਧਰਮ ਤੇ ਧਾਰਮਕ ਦਰਸ਼ਨ ਲਈ ਗੁੰਜਾਇਸ਼ਾਂ ਛੱਡੀਆਂ ਸਨ ਤਾਂ ਏਂਗਲਜ਼ ਉਸ ਨੂੰ ਝਾੜਦਾ ਹੋਇਆ ਇੰਝ ਲਿਖਦਾ ਹੈ ਕਿ "ਉਹ ਧਰਮ ਵਿਰੁਧ ਉਹਨੂੰ ਖਤਮ ਕਰਨ ਲਈ ਨਹੀਂ ਉਹਨੂੰ ਨਵਿਆਉਣ ਲਈ, ਇਕ ਨਵਾਂ 'ਉੱਚਾ' ਧਰਮ ਰਚਨ, ਆਦਿ ਲਈ ਘੁਲਦਾ ਹੈ।" ਸੋ ਸਾਨੂੰ ਏਹੋ ਜਿਹੇ ਤਰੀਕੇ ਨਹੀਂ ਅਪਨਾਉਣੇ ਚਾਹੀਦੇ।

ਆਪਣੇ ਵਲੋਂ ਧਰਮ ਵਿਰੁਧ ਸੰਗਰਾਮ ਬਾਰੇ ਸੁਝਾਅ ਦੇਣ ਦੀ ਥਾਂ ਮੈਂ ਕਾਮਰੇਡ ਲੈਨਿਨ ਦੇ ਸ਼ਬਦ ਜੋ ਉਸਨੇ ਮਜ਼ਦੂਰਾਂ ਦੀ ਪਾਰਟੀ ਦੇ ਧਰਮ ਪ੍ਰਤੀ ਵਤੀਰੇ ਬਾਰੇ ਲਿਖੇ ਹਨ ਹੀ ਕਾਫੀ ਸਮਝਦਾ ਹਾਂ **"ਸਾਨੂੰ ਧਰਮ ਵਿਰੁਧ ਘੁਲਣਾ ਚਾਹੀਦਾ ਹੈ**—ਇਹ ਸਾਰੇ ਪਦਾਰਥਵਾਦ ਦਾ ਤੇ ਨਤੀਜੇ ਵਜੋਂ ਮਾਰਕਸਵਾਦ ਦਾ ਮੁਢਲਾ ਅਸੂਲ ਹੈ। ਪਰ ਮਾਰਕਸਵਾਦ ਅਜਿਹਾ ਪਦਾਰਥਵਾਦ ਨਹੀਂ ਜੋ ਮੁਢਲੇ ਅਸੂਲਾਂ ਤੇ ਖਤਮ ਹੋ ਜਾਵੇ, ਮਾਰਕਸਵਾਦ ਅੱਗੇ ਜਾਂਦਾ ਹੈ —ਇਹ ਕਹਿੰਦਾ ਹੈ ਸਾਨੂੰ ਜਾਚ ਆਉਣੀ ਚਾਹੀਦੀ ਹੈ ਕਿ ਧਰਮ ਵਿਰੁਧ ਕਿਵੇਂ ਘੁਲਿਆ ਜਾਵੇ ਤੇ ਇੰਝ ਕਰਨ ਲਈ ਸਾਨੂੰ ਆਮ ਲੋਕਾਂ ਵਿਚ ਭਰੋਸੇ ਤੇ ਧਰਮ ਦੇ ਸੋਮੇ ਦੀ ਪਦਾਰਥਕ ਰੂਪ ਵਿਚ ਵਿਆਖਿਆ ਕਰਨੀ ਚਾਹੀਦੀ ਹੈ। ਧਰਮ ਵਿਰੁਧ ਪ੍ਰਚਾਰ ਖਿਆਲੀ ਵਿਚਾਰਧਾਰਕ ਪ੍ਰਚਾਰ ਦੀਆਂ ਹੱਦਾਂ ਤੱਕ ਨਹੀਂ ਰਹਿਣਾ ਚਾਹੀਦਾ ਉਹਨੂੰ ਅਜਿਹੇ ਪ੍ਰਚਾਰ ਦੀ ਪੱਧਰ ਤਕ ਨਹੀਂ ਲੈ ਆਉਣਾ ਚਾਹੀਦਾ–ਸੰਗਰਾਮ ਨੂੰ ਸ਼ਰੇਣੀ ਲਹਿਰ ਦੇ ਠੋਸ ਅਮਲੀ ਕੰਮਾਂ ਨਾਲ ਜੋੜਨਾ ਚਾਹੀਦਾ ਹੈ ਜਿਸਦਾ ਨਿਸ਼ਾਨਾ **ਧਰਮ ਦੀਆਂ ਜੜ੍ਹਾਂ ਨੂੰ ਖਤਮ ਕਰਨਾ ਹੈ।**

ਧਰਮ ਦੀਆਂ ਜੜ੍ਹਾਂ ਬਾਰੇ ਕਾਮਰੇਡ ਲੈਨਿਨ ਲਿਖਦਾ ਹੈ, "ਅਜੋਕੇ ਸਰਮਾਏਦਾਰ ਦੇਸਾਂ ਵਿਚ ਇਹ ਜੜ੍ਹਾਂ ਮੁਖ ਕਰਕੇ ਸਮਾਜਕ ਹਨ। ਅੱਜ ਧਰਮ ਦੀ ਡੂੰਗੀ ਤੋਂ ਡੂੰਗੀ ਜੜ੍ਹ ਕਿਰਤੀ ਲੋਕਾਂ ਦੀ **ਸਮਾਜਕ ਤੌਰ ਤੇ ਨਿਤਾਣੀ ਹਾਲਤ ਤੇ ਸਰਮਏਦਾਰੀ ਦੀਆਂ ਅੰਨੀਆਂ ਸ਼ਕਤੀਆਂ ਦੇ ਰੂਬਰੂ, ਉਨ੍ਹਾਂ ਦੀ ਪ੍ਰਤਖ ਹੀ ਪੂਰਨ ਬੇਬਸੀ ਹੈ**—ਸਰਮਾਏਦਾਰੀ, ਜੁ ਹਰ ਰੋਜ਼ ਤੇ ਹਰ ਘੰਟੇ ਸਧਾਰਨ ਲੋਕਾਂ ਨੂੰ ਅਤਿ ਭਿਆਨਕ ਦੁਖ ਛੇ ਵਹਿਸ਼ੀਆਨਾਂ ਤੋਂ ਵਹਿਸ਼ੀਆਨਾਂ ਤਸੀਹੇ ਦੇਂਦੀ ਹੈ, ਜੁ ਜੰਗਾਂ ਭੁਚਾਲਾਂ ਆਦਿ ਜਿਹੀਆਂ ਅਸਧਾਰਨ ਘਟਨਾਵਾਂ ਨਾਲੋਂ ਹਜ਼ਾਰਾਂ ਗੁਣਾਂ ਬਹੁਤੇ ਸਖਤ ਹਨ। **ਸਹਿਮ ਨੇ ਦੇਵਤਿਆਂ ਨੂੰ ਜਨਮ ਦਿੱਤਾ ਹੈ**—ਸਰਮਾਏ ਦੀ ਅੰਨੀ ਤਾਕਤ ਦਾ ਸਹਿਮ—ਅੰਨੀ ਕਿਉਂ, ਜੁ ਇਹਨੂੰ ਲੋਕਾਂ ਦੇ ਸਮੂਹ ਅਗਾਂਊ ਨਹੀਂ ਦੇਖ ਸਕਦੇ–ਅਜਿਹੀ ਸ਼ਕਤੀ ਜੁ ਜ਼ਿੰਦਗੀ ਵਿਚ ਹਰ ਕਦਮ ਉੱਤੇ ਮਜ਼ਦੂਰ ਤੇ ਛੋਟੇ ਮਾਲਕ ਸਿਰ ਚਾਣਚੱਕੀ, ਅਣ-ਸੁੱਝੀ, ਇਤਫਾਕੀਆ ਤਬਾਹੀ, ਉਜਾੜਾ, ਕੰਗਾਲੀ, ਕੁਵਰਤੋਂ, ਭੁਖ ਤੇ ਮੌਤ ਦੇ ਮੂੰਹ ਸੁੱਟਣ ਦਾ ਡਰਾਵਾ ਪੈਦਾ ਕਰਦੀ ਹੈ ਤੇ **ਸੁੱਟਦੀ ਹੈ। ਅਜਿਹੀ ਹੈ ਜੜ ਅਜੋਕੇ ਧਰਮ ਦੀ** ਜਿਹਨੂੰ ਪਦਾਰਥ-ਵਾਦੀ ਨੂੰ ਪਹਿਲਾਂ ਤੇ ਸਭ ਤੋਂ ਪਹਿਲਾਂ ਮੁਖ ਰੱਖਣਾਂ ਚਾਹੀਦਾ ਹੈ ਜੇ ਉਹ ਬਾਲ- ਸਕੂਲੀ ਪਦਾਰਥਵਾਦੀ ਨਹੀਂ ਰਹਿਣਾ ਚਹੁੰਦਾ। ਕੋਈ ਵੀ ਸਿਖਿਅਕ ਕਿਤਾਬ ਧਰਮ ਨੂੰ ਆਮ ਲੋਕਾ ਦੇ ਜੁ ਸਰਮਾਏਦਾਰੀ ਦੀ ਪੀਹਵੀ ਮੁਸ਼ੱਕਤ ਨਾਲ ਨਪੀੜੇ ਪਏ ਹਨ ਤੇ ਜੁ ਸਰਮਾਏਦਾਰੀ ਦੀਆਂ ਅਨ੍ਹੀਆਂ ਤਬਾਹ ਕਰੂ ਸ਼ਕਤੀਆਂ ਦੇ ਤਰਸ ਉੱਤੇ ਹਨ, ਮਨਾਂ ਵਿਚੋਂ ਨਹੀਂ ਕੱਢ ਸਕਦੀ, ਜਿਨਾਂ ਚਿਰ ਆਮ ਲੋਕ ਆਪ ਧਰਮ ਦੀ ਇਸ ਜੜ ਵਿਰੁਧ ਆਪਣੀਆਂ ਸਾਰੀਆਂ ਸ਼ਕਲਾਂ ਵਿਚ ਸਰਮਾਏ ਦੇ ਰਾਜ ਵਿਰੁਧ ਇਕ ਮੁਠ ਜਥੇਬੰਦ, ਪਲਾਨਬੰਦ ਤੇ ਸੁਚੇਤ ਢੰਗ ਨਾਲ ਘੁਲਣ ਦੀ ਜਾਚ ਨਹੀਂ ਸਿਖ ਲੈਂਦੇ।" ਸੋ ਆਓ ਧਰਮ ਸਬੰਧੀ ਮਾਰਕਸਵਾਦੀ ਰਵਈਆ ਅਪਨਾਉਂਦੇ ਹੋਏ ਇਸਦੇ ਖਾਤਮੇ ਲਈ ਸੰਗਰਾਮ ਕਰੀਏ। o

[ਸਫਾ 6 ਦੀ ਬਾਕੀ]

ਗੰਡਿਆਂ ਨੂੰ ਸ਼ਹਿ ਹੈ। ਯੂਨੀਵਰਸਟੀ ਵਿਚੋਂ ਉਹਨੂੰ ਬਰਖਾਸਤ ਕਰਨ ਲਈ ਵਿਦਿਆਰਥੀਆਂ ਨੇ ਬੜੇ ਰੋਹ ਭਰੇ ਵਖਾਵੇ ਕੀਤੇ ਸਨ। ਉਸਦੇ ਮਾਰੇ ਜਾਣ ਦੀ ਖਬਰ ਕੋਈ ਓਪਰੀ ਨਹੀਂ ਲੱਗੀ।

o ਕਨੇਡਾ ਅਤੇ ਅਮਰੀਕਾ ਵਿਚੋਂ ਜੋ ਹਿੰਦੋਸਤਾਨ ਦੇ ਮਾਮਲਿਆਂ ਬਾਰੇ ਸਪਤਾਹਿਕ ਅਖਬਾਰਾਂ ਨਿਕਲਦੀਆ ਹਨ,ਉਹਨਾਂ ਵਿਚ ਇੰਦਰਾ ਗਾਂਧੀ ਦੀਆਂ ਜਮਹੂਰੀਅਤ ਵਿਰੁਧ ਕਾਰਵਾਈਆਂ ਦਾ ਬੜਾ ਜ਼ਿਕਰ ਹੁੰਦਾ ਹੈ। ਇਹਦਾ ਇਕ ਕਾਰਨ ਤਾਂ ਇੰਦਰਾ ਸਰਕਾਰ ਦਾ ਰੂਸ ਵੱਲ ਝੁਕਾਅ ਹੋ ਸਕਦਾ ਹੈ। ਉਂਝ ਧਿਆਨ ਨਾਲ ਪੜ੍ਹਿਆਂ ਇਹ ਸੱਪਸ਼ਟ ਹੋ ਜਾਂਦਾ ਹੈ ਕਿ ਇਹ ਟਿੱਪਣੀਆਂ ਉਸਦੀ ਸਰਕਾਰ ਦੀਆਂ ਆਰਥਕ ਨੀਤੀਆਂ ਦੇ ਵਿਰੁਧ ਨਹੀਂ, ਸਗੋਂ ਉਸਦੇ ਰਾਜ ਦੇ ਤਾਨਾਸ਼ਾਹੀ ਵਿਰੁੱਧ ਹਨ। ਗੱਦੀ ਸੰਭਾਲੀ ਰੱਖਣ ਦੀ ਲਾਲਸਾ ਅਤੇ ਇਹ ਸੋਚਣੀ ਕਿ ਉਹ ਜਾਂ ਉਹਦਾ ਖਾਨਦਾਨ ਹਿੰਦੋਸਤਾਨ ਦੀ ਵਾਗਡੋਰ ਸੰਭਾਲੀ ਰੱਖਣ ਦੀ ਵਹਿਦ ਹੱਕਦਾਰ ਹੈ। ਇਹਦੇ ਬਾਰੇ ਇਹਨਾਂ ਅਖਬਾਰਾਂ ਵਿਚ ਤਿੱਖੇ ਪ੍ਰਤੀਕਰਮ ਹਨ। ਅਪਣੀ ਇਸ ਖੇਡ ਵਿਚ ਇਹ ਅਪਣੀ ਹੀ ਪਾਰਟੀ ਦੇ ਲੀਡਰਾਂ

Post Office No. P/AR—133
Registered with the Registrar, News Papers, Vide No. MA/12397-D dated 14.8.80

ਦੀ ਕਿਸ ਤਰ੍ਹਾਂ ਬੱਲੀ ਚਾੜ੍ਹਦੀ ਹੈ, ਇਹਦੇ ਬਾਰੇ ਕਾਲਮਾਂ ਦੇ ਕਾਲਮ ਲਿਖੇ ਮਿਲਦੇ ਹਨ। ਆਂਧਰਾਂ ਤੇ ਕਰਨਾਟਕ ਦੀ ਹਾਰ ਤੋਂ ਬਾਅਦ ਇੰਦਰਾ ਨੇ ਮਹਾਰਾਸ਼ਟਰਾ ਵਿਚ ਭੋਸਲੇ ਦੀ ਵਜ਼ਾਰਤ ਦਾ ਭੋਗ ਪਾਇਆ। ਹਿਮਾਚਲ ਵਿਚ ਰਾਮਲਾਲ ਨੂੰ ਬਰਖਾਸਤ ਕੀਤਾ। ਸਿਰਫ ਇਹ ਦੱਸਣ ਲਈ ਕਿ ਉਹ ਭ੍ਰਿਸ਼ਟਾਚਾਰ ਅਤੇ ਨਾਲਾਇਕੀ ਨੂੰ ਬਰਦਾਸ਼ਤ ਨਹੀਂ ਕਰਦੀ ਪਰ ਜਦੋਂ ਬਿਹਾਰ ਦੇ ਜਗਨਨਾਥ ਮਿਸ਼ਰਾ ਵਾਸਤੇ ਇਹ ਹਥਿਆਰ ਵਰਤਣੇ ਚਾਹੇ ਤਾਂ ਉਹ ਬਾਗੀ ਹੋ ਗਿਆ। ਇਸ ਤਾਨਾਸ਼ਾਹੀ ਰਾਜ ਵਿਚ ਹਿੰਦੋਸਤਾਨ ਦੀਆਂ ਜੇਲਾਂ ਵਿਚ ਜੋ ਅਤਿਆਚਾਰ ਹੋ ਰਹੇ ਹਨ, ਉਹਨਾਂ ਦਾ ਵੀ ਇਹਨਾਂ ਅਖਬਾਰਾਂ ਵਿਚ ਬੜਾ ਚਰਚਾ ਹੈ। ਇਕ ਫਿਲਮ 'AN INDIAN STORY' (ਇਕ ਹਿੰਦੋਸਤਾਨੀ ਕਹਾਣੀ) ਇਕ ਐਸੀ ਫਿਲਮ ਹੈ ਜਿਸ ਵਿਚ ਭਾਗਲਪੁਰ ਤੇ ਹੋਰਨਾਂ ਜੇਲਾਂ ਵਿਚ ਕੈਦੀਆਂ ਉੱਤੇ ਹੁੰਦੇ ਅਤਿਆਚਾਰ ਵਿਖਾਏ ਗਏ ਹਨ। ਇਹ ਫਿਲਮ ਸੁਹਾਸਨੀ ਮੂਲੇ ਨੇ ਬਣਾਈ ਹੈ ਅਤੇ ਤਪਨ ਬੋਸ ਨੇ ਡਾਇਰੈਕਟ ਕੀਤੀ ਹੈ। ਇਸ ਫਿਲਮ ਦੀ ਹਿੰਦੋਸਤਾਨ ਵਿਚ ਪ੍ਰਦਰਸ਼ਨੀ ਸੈਂਸਰ ਬੋਰਡ ਨੇ ਬਹੁਤ ਸਾਰੀ ਕਾਂਟ ਛਾਂਟ ਬਾਅਦ ਹੀ ਪਾਸ ਕੀਤੀ ਸੀ। ਇਥੋਂ ਦੀਆਂ ਅਖਬਾਰਾਂ ਦੀਆਂ ਟਿਪਣੀਆਂ ਦੇ ਅਨੁਸਾਰ ਇਥੋਂ ਦੇ ਦਰਸ਼ਕਾਂ ਨੂੰ ਇਹ ਫਿਲਮ ਦੇਖਕੇ ਇਕ ਝਟਕਾ ਲੱਗਿਆ ਕਿ ਵੀਹਵੀਂ ਸਦੀ ਵਿਚ ਇਕ ਕਹਿੰਦੇ ਕਹਿਲਾਂਦੇ ਜਮਹੂਰੀਅਤ ਦੇ ਦੇਸ਼ ਵਿਚ ਇਹੋ ਜਿਹੇ ਅਤਿਆਚਾਰ ਹੋ ਸਕਦੇ ਹਨ। ਇਹ ਫਿਲਮ ਹਿੰਦੋਸਤਾਨ ਵਿਚ ਹੀ ਬਣੀ ਹੈ ਪਰ ਹਿੰਦੋਸਤਾਨ ਵਿਚ ਇਹਦੇ ਬਾਰੇ ਨਹੀਂ ਸੀ ਸੁਣਿਆਂ। ਇੱਥੇ ਹੀ ਆ ਕੇ ਸੁਣਿਆ ਹੈ। ਇਹਦੀ ਵੀਡੀਓ ਟੇਪ ਮਿਲ ਗਈ ਤਾਂ ਸ਼ਾਇਦ ਵੇਖਣ ਦਾ ਮੌਕਾ ਵੀ ਮਿਲ ਜਾਏ। ਇਸੇ ਤਰ੍ਹਾਂ ਇਕ ਹੋਰ ਕਿਤਾਬ ਦਾ ਵੀ ਇਹਨਾਂ ਅਖਬਾਰਾਂ ਵਿਚ ਬੜਾ ਚਰਚਾ ਹੈ। ਇਸ ਕਿਤਾਬ ਦਾ ਨਾਂ ਹੈ 'THE INDIAN JAIL' (ਹਿੰਦੋਸਤਾਨੀ ਜੇਲ੍ਹ)। ਇਹੀ ਦਿੱਲੀ ਦੇ ਹਿੰਦੋਸਤਾਨ ਟਾਈਮਜ਼ ਅਖਬਾਰ ਦੇ ਇਕ ਰੀਪੋਰਟਰ ਕੁਮਕੁਮ ਚੱਢਾ ਲਿਖੀ ਹੋਈ ਹੈ। ਇਕ ਟਿਪਣੀ ਦੇ ਅਨੁਸਾਰ ਇਸ ਵਿਚ ਦਿੱਲੀ ਵਿਚ ਹੀ ਸਥਾਪਤ ਚਾਰ ਇਨਟੈਰੋਗੇਸ਼ਨ ਸੈਂਟਰਾਂ ਵਿਚ ਸ਼ੱਕ ਵਿਚ ਫੜੇ ਲੋਕਾਂ ਉੱਤੇ ਜੋ ਅਤਿਆਚਾਰ ਕੀਤੇ ਜਾਂਦੇ ਹਨ, ਉਹਨਾਂ ਦਾ ਬੜੇ ਵੇਰਵੇ ਨਾਲ ਜ਼ਿਕਰ ਹੈ। ਇਹ ਅਤਿਆਚਾਰ ਜਿਨ੍ਹਾਂ ਵਿਚ ਕਪੜੇ ਲਾਹਕੇ ਨੰਗੇ ਪਿੰਡੇ ਤੇ ਰਬੜ ਦੇ ਟਾਇਰਾਂ ਨਾਲ ਕੁੱਟਮਾਰ ਕਰਨੀ, ਪੱਖੇ ਦੀ ਕੁੰਡੀ ਨਾਲ ਹੱਥਕੜੀ ਫਸਾਕੇ ਬੰਦੇ ਨੂੰ ਘੰਟੇ ਬੱਧੀ ਲਟਕਾਈ ਰਖਣਾ ਤਾਂ ਜੋ ਉਹਦੇ ਜਿਸਮ ਦੀ ਇਕ ਇਕ ਨਾੜ ਖਿੱਚੀ ਜਾਏ ਤਾਂ ਬੰਦਾ ਹਮੇਸ਼ਾ ਲਈ ਨਾਕਾਰਾ ਹੋ ਜਾਏ। ਨਾਸਾਂ ਰਾਹੀਂ ਪਾਣੀ ਚੜ੍ਹਾਉਣਾ ਜਾਂ ਘੋਟਨਾ ਚੜ੍ਹਾਉਣਾ—ਇਹਨਾਂ ਸਭ ਚੀਜ਼ਾਂ ਦਾ ਜ਼ਿਕਰ ਫੋਟੋਆਂ ਦੇ ਸਮੇਤ ਹੈ। ਇਹਨਾਂ ਸਾਰੀਆਂ ਟਿੱਪਣੀਆਂ ਦੇ ਬਾਅਦ ਇਕ ਸਵਾਲ ਜਿਹਾ ਪੇਸ਼ ਕੀਤਾ ਜਾਂਦਾ ਹੈ ਕਿ ਹਿੰਦੋਸਤਾਨ ਦੇ ਲੋਕ ਇਹ ਸਭ ਕੁਝ ਕਿਉਂ ਬਰਦਾਸ਼ਤ ਕਰ ਰਹੇ ਹਨ, ਉਹ ਇਹੋ ਜਿਹੇ ਨਿਜ਼ਾਮ ਨੂੰ ਖਤਮ ਕਿਉਂ ਨਹੀਂ ਕਰਦੇ ? ਇਹ ਮਿਹਨਾ ਬਿਲਕੁਲ ਉਸੇ ਤਰ੍ਹਾਂ ਹੈ, ਜਿਹੜਾ ਕਿਸੇ ਵੇਲੇ ਅਮਰੀਕੀ ਇਥੇ ਰਹਿ ਰਹੇ ਹਿੰਦੋਸਤਾਨੀਆਂ ਨੂੰ ਮਾਰਦੇ ਹੁੰਦੇ ਸਨ। ਇਹੋ ਮੇਹਨੇ ਅਮਰੀਕਾ ਵਿਚ ਗਦਰ ਲਹਿਰ ਨੂੰ ਜਨਮ ਦੇਣ ਦੀ ਜ਼ਿੰਮੇਵਾਰ ਸੀ। ਉਸ ਲਹਿਰ ਨੇ ਹਿੰਦੋਸਤਾਨ ਦੀ ਮੁਕੰਮਲ ਆਜ਼ਾਦੀ ਨੂੰ ਆਪਣੇ ਸੰਘਰਸ਼ ਦਾ ਟੀਚਾ ਬਣਾਇਆ। ਸਵਾਲ ਇਵੇਂ ਹੀ ਲਗਦਾ ਹੈ "ਕੀ ਹੁਣ ਵੀ ਬਾਹਰ ਬੈਠੇ ਹਿੰਦੋਸਤਾਨੀ ਹੀ ਆਪਣੇ ਦੇਸ਼ ਵਾਸੀਆਂ ਨੂੰ ਇਸ ਤਾਨਾਸ਼ਾਹੀ ਰਾਜ ਤੋਂ ਨਿਜਾਤ ਦਿਵਾਉਣ ਦਾ ਬੀੜਾ ਚੁੱਕਣਗੇ ?" ਹਿੰਦੋਸਤਾਨ ਵਿਚ ਚਲ ਰਹੀਆਂ ਲਹਿਰਾਂ ਦੀ ਜੋ ਪੂਰੀ ਜਾਣਕਾਰੀ ਰਖਦੇ ਹਨ, ਉਹ ਯਕੀਨ ਨਾਲ ਕਹਿ ਸਕਦੇ ਹਨ ਕਿ ਇਹ ਆਪ ਹੀ ਕਰਨ ਦੇ ਯੋਗ ਹਨ ਅਤੇ ਉਹ ਇਹ ਕਰਨਗੇ।

ਇੰਦਰਾ ਗਾਂਧੀ ਕਰਕੇ ਹਿੰਦੋਸਤਾਨ ਦਾ ਪ੍ਰਭਾਵ ਇਹਨਾਂ ਮੁਲਕਾਂ ਤੇ ਬੜਾ ਭੈੜਾ ਹੈ। ਇਸਨੂੰ ਸੱਚ ਕਰਕੇ ਮੰਨਣਾ ਚਾਹੀਦਾ ਹੈ ਅਤੇ ਇਹ ਕਹਿਕੇ ਨਹੀਂ ਟਾਲ ਦੇਣਾ ਚਾਹੀਦਾ ਕਿ ਇਹ ਮਹਿਜ਼ ਇਸ ਕਰਕੇ ਹੈ ਕਿਉਂਕਿ ਇੰਦਰਾ ਗਾਂਧੀ ਰੂਸ ਦੀ ਦੋਸਤ ਹੈ। ਆਪਣੇ ਦੇਸ਼ ਵਿਚ ਅਖਬਾਰਾਂ ਰਾਹੀਂ, ਰੇਡੀਓ ਰਾਹੀਂ, ਟੀ.ਵੀ. ਰਾਹੀਂ ਇੰਦਰਾ ਗਾਂਧੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, ਜਿਸ ਤਰ੍ਹਾਂ ਉਹ ਤੀਜੀ ਦੁਨੀਆਂ ਦੇ ਪਛੜੇ ਲੋਕਾਂ ਦੀ ਮਸੀਹਾ ਹੈ। ਗੁੱਟ ਨਿਰਲੇਪ ਕੌਮਾਂ ਦੀ ਮਿਲਣੀ ਵੇਲੇ ਲੱਖਾਂ ਕ੍ਰੋੜਾਂ ਰੁਪਏ ਇਹ ਪ੍ਰਭਾਵ ਬਨਾਉਣ ਵਾਸਤੇ ਖਰਚ ਕੀਤੇ ਗਏ ਸਨ। ਦੇਸ਼ੋਂ ਬਾਹਰ ਨਿਕਲਕੇ ਪਤਾ ਲਗਦਾ ਹੈ ਕਿ ਸਚਾਈ ਹੋਰ ਹੀ ਹੈ।

## o ਇਕ ਘਟਨਾ।

ਇਕ ਹਿੰਦੋਸਤਾਨੀ ਵਰਕਰ ਅਤੇ ਇਕ ਅੰਗਰੇਜ਼ ਸੁਪਰਵਾਈਜ਼ਰ ਵਿਚ ਕੋਈ ਝਗੜਾ ਹੋਇਆ ਹੈ।

ਹਿੰਦੋਸਤਾਨੀ ਵਰਕਰ : ਪਰ ਜਨਾਬ, ਇਹ ਸਾਡਾ ਹੱਕ ਹੈ। ਜੇ ਇਹ ਹੱਕ ਤੁਸੀਂ ਸਾਨੂੰ ਨਾ ਦਿੱਤਾ ਤਾਂ ਅਸੀਂ ਯੂਨੀਅਨ ਰਾਹੀਂ ਕਰਾਂਗੇ ਤੇ ਇਹ ਹੱਕ ਲੈ ਕੇ ਰਵਾਂਗੇ।

ਅੰਗਰੇਜ਼ ਸੁਪਰਵਾਈਜ਼ਰ : ਤੁਸੀਂ ਸੰਘਰਸ਼ ਕਰੋਗੇ ? ਹੱਕ ਲਈ ਲੜੋਗੇ ? ਕੀ ਤੁਸੀਂ ਇਸ ਯੋਗ ਹੋ ? ਜੇ ਇਸ ਯੋਗ ਹੋ ਤਾਂ ਹਿੰਦੋਸਤਾਨ ਜਾਓ। ਇਨਕਲਾਬ ਦੀ ਲੋੜ ਹਿੰਦੋਸਤਾਨ ਨੂੰ ਹੈ। ਇਸ ਮੁਲਕ ਨੂੰ ਨਹੀਂ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143003 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ: